ਜਨਵਰੀ-ਫ਼ਰਵਰੀ ੨੦੨੫
Jan-Feb 2025
ਅੰਕ ਤੀਜਾ

# ਪੰਜਆਬ





## ਸਿੱਖ ਨੌਜਵਾਨੋ!

**ਨਿਰਾਸ਼ਾ ਦੇ ਸਮੁੰਦਰ ਵਿੱਚੋਂ ਨਿਕਲੋ**
ਕੌਮ ਦੀ ਚੜ੍ਹਦੀ ਕਲਾ ਲਈ ਕਮਰਕੱਸੇ ਕਰੋ

## ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ
## ਹਿੰਦੂ ਨਹੀਂ, ਸਿੱਖ ਸਨ




## ਗੁਰੂ ਨਾਨਕ ਪਾਤਸ਼ਾਹ ਦੀ
## ਸਿੱਖੀ ਨੂੰ ਸਮਰਪਿਤ ਸਿੱਖ ਹੀ

**ਤਨ ਆਰੇ ਨਾਲ ਚਿਰਵਾ ਕੇ ਤੇ ਉਬਲਦੀ ਦੇਗ ਵਿੱਚ ਬੈਠ ਕੇ**

# ਸ਼ਹੀਦੀ ਪ੍ਰਾਪਤ ਕਰ ਸਕਦਾ ਹੈ

# ਮੂਸੇਵਾਲ਼ਾ ਕੌਣ?




ਕੀਮਤ : 375/-

**ਸੁਰਜੀਤ ਸਿੰਘ ਜਰਮਨੀ**

ਸ਼ੁੱਭਦੀਪ ਸਿੰਘ ਸਿੱਧੂ ਮੂਸੇਵਾਲ਼ਾ ਨੂੰ ਇੱਕ ਕਲਾਕਾਰ ਜਾਂ ਰੈਪਰ ਦੇ ਤੌਰ 'ਤੇ ਤਕਰੀਬਨ ਸਾਰੇ ਹੀ ਜਾਣਦੇ ਹਨ ਪਰ ਉਸ ਦਾ ਅਸਲ ਰੂਪ ਜਿਹੜਾ ਪੰਜਾਬ ਅਤੇ ਪੰਜਾਬੀਅਤ ਪੱਖੀ ਸੀ ਉਹ ਬਹੁਤ ਘੱਟ ਲੋਕ ਜਾਣਦੇ ਹਨ। ਇਸ ਕਿਤਾਬ 'ਚ ਅਣਖੀ ਪੰਜਾਬ ਦੇ ਅਣਖ਼ੀਲੇ ਪੰਜਾਬੀ ਸਿੱਧੂ ਮੂਸੇਵਾਲ਼ਾ ਦੀ ਦਾਸਤਾਨ ਲਿਖੀ ਗਈ ਹੈ ਜਿਸ ਤੋਂ ਸਰਕਾਰਾਂ ਨੂੰ ਖ਼ਤਰਾ ਮਹਿਸੂਸ ਹੁੰਦਾ ਸੀ ਤੇ ਨਸ਼ੇ ਦੇ ਵਪਾਰੀਆਂ, ਫਿਰੌਤੀਆਂ ਮੰਗਣ ਵਾਲਿਆਂ ਤੇ ਸਰਮਾਏਦਾਰਾਂ ਨੂੰ ਜਦੋਂ ਉਸ ਨੇ ਟੱਕਰ ਦੇਣੀ ਸ਼ੁਰੂ ਕੀਤੀ, ਨੌਜਵਾਨਾਂ ਨੂੰ ਜਗਾ ਕੇ ਆਪਣੇ ਮੂਲ ਨਾਲ ਜੋੜਨਾ ਸ਼ੁਰੂ ਕੀਤਾ, ਪੰਜਾਬ ਦੇ ਹੱਕਾਂ ਅਤੇ ਸ਼ਹੀਦਾਂ ਦੀ ਗੱਲ ਕੀਤੀ ਤਾਂ ਫਿਰ ਸਿੱਧੂ ਮੂਸੇਵਾਲ਼ਾ ਦਾ ਸਰਕਾਰਾਂ ਨੇ ਕਤਲ ਕਰਵਾ ਦਿੱਤਾ।

'ਸਿੱਧੂ ਮੂਸੇਵਾਲ਼ਾ' ਜਦੋਂ ਗਾਇਕੀ 'ਚ ਬੁਲੰਦੀਆਂ ਛੂਹ ਰਿਹਾ ਸੀ ਤਾਂ ਉਸ ਨੇ ਆਪਣੇ ਸਿਰੋਂ ਪੱਗ ਨਾ ਉਤਾਰੀ ਜਦਕਿ ਗਾਇਕੀ ਅਤੇ ਫ਼ਿਲਮੀ ਖੇਤਰ 'ਚ ਅਕਸਰ ਹੀ ਗਾਇਕ ਅਤੇ ਅਦਾਕਾਰ ਅਜਿਹਾ ਕਰ ਜਾਂਦੇ ਹਨ, ਉਹ ਸਿੱਖ ਪਛਾਣ ਤੋਂ ਦੂਰ ਹੋ ਜਾਂਦੇ ਹਨ, ਕੇਸਾਂ ਅਤੇ ਪੱਗ 'ਚ ਆਪਣੇ ਆਪ ਨੂੰ ਹੀਣਾ ਅਤੇ ਪੱਛੜਿਆ ਹੋਇਆ ਮਹਿਸੂਸ ਕਰਨ ਲਗ ਪੈਂਦੇ ਹਨ, ਪੱਛਮੀ ਸੱਭਿਆਚਾਰ ਕਬੂਲ ਲੈਂਦੇ ਹਨ ਅਤੇ ਪੰਜਾਬ ਨੂੰ ਛੱਡ ਕੇ ਦਿੱਲੀ, ਬੰਬੇ ਜਾਂ ਵਿਦੇਸ਼ਾਂ 'ਚ ਰਹਿਣ ਨੂੰ ਤਰਜੀਹ ਦਿੰਦੇ ਹਨ। ਪਰ ਸਿੱਧੂ ਮੂਸੇਵਾਲ਼ਾ ਇਸ ਤੋਂ ਬਿਲਕੁਲ ਉਲਟ ਸੀ ਤੇ ਉਹ ਹੋਰਨਾਂ ਲਈ ਮਿਸਾਲ ਬਣਿਆ। ਉਸ ਨੇ ਕੈਨੇਡਾ ਛੱਡ ਕੇ ਪੰਜਾਬ ਦੀ ਧਰਤੀ ਨੂੰ ਚੁਣਿਆ ਤੇ ਆਪਣੇ ਆਪ ਨੂੰ 'ਟਿੱਬਿਆ ਦਾ ਪੁੱਤ' ਅਖਵਾ ਕੇ ਮਾਣ ਮਹਿਸੂਸ ਕੀਤਾ।


ਸਿੱਧੂ ਮੂਸੇਵਾਲ਼ੇ ਦੇ ਚਰਚਿਤ ਗੀਤ ਐੱਸ.ਵਾਈ.ਐੱਲ. ਦੀਆਂ ਇਹ ਲਾਈਨਾਂ ਵੱਡੇ ਅਰਥ ਰੱਖਦੀਆਂ ਹਨ ਕਿ ਜੇ ਦਰਿਆਈ ਪਾਣੀ ਲੁੱਟਣ ਤੋਂ ਬਾਜ ਨਾ ਆਏ ਤਾਂ 'ਫੇਰ ਭਾਈ ਬਲਵਿੰਦਰ ਸਿੰਘ ਜਟਾਣਾ ਆਊ।' ਉਸ ਨੇ ਹਕੂਮਤੀ-ਤੰਤਰ ਨੂੰ ਖੁੱਲ੍ਹ ਕੇ ਲਲਕਾਰਿਆ ਤੇ ਸਰਕਾਰ ਨੇ ਗੀਤ 'ਤੇ ਪਬੰਦੀ ਲਾ ਦਿੱਤੀ। ਅੱਜ ਸਿੱਖ ਅਤੇ ਪੰਜਾਬੀ ਪੂਰੇ ਜਾਹੋ-ਜਲਾਲ ਨਾਲ਼ ਇਸ ਗੀਤ ਦੇ ਬਹਾਨੇ ਅਹਿਦ ਕਰੀ ਦਿਸ ਰਹੇ ਹਨ ਕਿ ਅਸੀਂ ਪੰਜਾਬ ਨੂੰ ਬੰਜਰ ਨਹੀਂ ਹੋਣ ਦਿਆਂਗੇ, ਆਪਣੇ ਹੱਕ ਲੈ ਕੇ ਰਹਾਂਗੇ। ਸਿੱਧੂ ਮੂਸੇਵਾਲਾ ਦੀ ਪੰਥ ਅਤੇ ਪੰਜਾਬ ਪੱਖੀ ਸ਼ਖ਼ਸੀਅਤ ਨੂੰ ਜਾਣਨ-ਪਹਿਚਾਨਣ ਅਤੇ ਉਸ ਦੇ ਕਤਲ ਦੇ ਭੇਦਾਂ ਬਾਰੇ ਸਮਝਣ ਲਈ ਲੇਖਕ ਸੁਰਜੀਤ ਸਿੰਘ ਜਰਮਨੀ ਦੀ ਨਵੀਂ ਛਪੀ ਕਿਤਾਬ 'ਮੂਸੇਵਾਲ਼ਾ ਕੌਣ' ਜ਼ਰੂਰ ਮੰਗਵਾਓ ਅਤੇ ਪੜ੍ਹੋ।

# ਹੋਂਦ ਦਾ ਨਗਾਰਚੀ ਸੰਦੀਪ ਸਿੰਘ ਦੀਪ ਸਿੱਧੂ



ਕੀਮਤ (ਭਾਰਤ ਚ): 500 ਰੁਪਏ,
ਵਿਦੇਸ਼ਾਂ ਲਈ : 1700 ਰੁਪਏ

**ਸੰਪਾਦਕ : ਰਣਜੀਤ ਸਿੰਘ ਦਮਦਮੀ ਟਕਸਾਲ**




ਬਾਈ 'ਦੀਪ ਸਿੱਧੂ' ਨੇ ਪੰਜਾਬ ਦੀ ਜਵਾਨੀ ਨੂੰ ਇੱਕ ਨਵਾਂ ਮੁਹਾਵਰਾ ਦਿੱਤਾ। ਉਸ ਨੇ 'ਅਜ਼ਾਦੀ', 'ਸਟੇਟਹੁੱਡ' ਤੇ 'ਖਾਲਿਸਤਾਨ' ਦੀ ਗੱਲ ਨੂੰ ਸਹਿਜ ਕੀਤਾ ਹੈ।

ਬਾਈ 'ਦੀਪ ਸਿੱਧੂ' ਨੂੰ ਬਹੁਤ ਥੋੜਾ ਸਮਾਂ ਮਿਲ਼ਿਆ ਪਰ ਉਸ ਨੇ ਪੰਜਾਬ ਦੀ ਨੌਜਵਾਨੀ ਦੇ ਇੱਕ ਵੱਡੇ ਵਰਗ ਨੂੰ ਅਹਿਸਾਸ ਕਰਵਾਇਆ ਕਿ ਅਸੀਂ ਗ਼ੁਲਾਮ ਹਾਂ। ਉਸ ਨੇ ਰਾਜ ਦੀ ਗੱਲ ਕਰਨ ਨੂੰ ਪਵਿੱਤਰ ਜਜ਼ਬੇ ਦਾ ਦਰਜਾ ਦਿੱਤਾ। ਅੱਜ ਲੱਖਾਂ ਨੌਜਵਾਨ ਭਾਈ ਸੰਦੀਪ ਸਿੰਘ ਦੇ ਉਸ ਸੁੱਚੇ ਪ੍ਰਗਟਾਵੇ ਨਾਲ ਸਾਂਝ ਰੱਖਦੇ ਮਹਿਸੂਸ ਕਰਦੇ ਹਨ ਕਿ ਸਿੱਖ ਭਾਰਤ ਵਿੱਚ ਗ਼ੁਲਾਮ ਹਨ ਅਤੇ ਦੂਜੇ ਦਰਜੇ ਦੇ ਸ਼ਹਿਰੀ ਦੀ ਜ਼ਿੰਦਗੀ ਜੀਅ ਰਹੇ ਹਨ। ਦੀਪ ਦਾ ਸਰਲ ਮੁਹਾਵਰਾ, ਮਲੂਕ ਬੋਲ ਤੇ ਸਿੱਕੇਬੰਦ ਦਲੀਲ ਹਰ ਬੰਦੇ ਅੰਦਰ ਘਰ ਕਰ ਜਾਂਦੀ ਸੀ।

'ਪੰਥ ਵਸੈ ਮੈਂ ਉਜੜਾਂ' ਦੇ ਅਕਾਲੀ ਬੋਲਾਂ ਨੂੰ ਮੁੜ ਸੁਰਜੀਤ ਕਰ ਸ਼ਹੀਦੀ ਪਹਿਰੇ ਹੇਠ ਚਾਲਾਂ ਮਾਰ ਜਾਣ ਵਾਲੇ ਸ਼ਹੀਦ ਭਾਈ ਦੀਪ ਸਿੰਘ ਸਿੱਧੂ ਦੀ ਪੈੜ 'ਤੇ ਚਲਦਿਆਂ ਸੰਗਤਾਂ ਨੇ ਅਥਾਹ ਪਿਆਰ ਦਿੱਤਾ ਹੈ। ਗੁਰੂ ਸਾਨੂੰ ਵੀ ਉਸ ਇਲਾਹੀ ਸੁਪਨੇ ਨਾਲ਼ ਨਿਭ ਜਾਣ ਦੀ ਤਾਕਤ ਬਖ਼ਸ਼ੇ।

ਭਾਈ ਸੰਦੀਪ ਸਿੰਘ 'ਦੀਪ ਸਿੱਧੂ' ਦੇ ਜੀਵਨ ਅਤੇ ਸੰਘਰਸ਼ਮਈ ਇਤਿਹਾਸ, ਘਟਨਾਵਾਂ, ਯਾਦਾਂ, ਸਰਗਰਮੀਆਂ, ਕਾਰਵਾਈਆਂ ਅਤੇ ਤਕਰੀਰਾਂ ਨੂੰ ਲਿਖਤੀ ਰੂਪ 'ਚ ਸਾਂਭਣ ਲਈ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ 'ਹੋਂਦ ਦਾ ਨਗਾਰਚੀ- ਸੰਦੀਪ ਸਿੰਘ ਦੀਪ ਸਿੱਧੂ' ਕਿਤਾਬ ਸੰਪਾਦਤ ਕਰ ਕੇ ਬੇਹੱਦ ਸ਼ਲਾਘਾਯੋਗ ਉਪਰਾਲਾ ਕੀਤਾ ਹੈ, ਜੋ ਦੀਪ ਬਾਈ ਦੀਆਂ ਯਾਦਾਂ ਨੂੰ ਸੰਗਤਾਂ ਦੇ ਦਿਲਾਂ 'ਚ ਹਮੇਸ਼ਾਂ ਤਾਜ਼ਾ ਕਰਦਾ ਰਹੇਗਾ। ਇਸ ਕਾਰਜ ਦਾ ਅਸੀਂ 'ਵਾਰਿਸ ਪੰਜਾਬ ਦੇ' ਜਥੇਬੰਦੀ ਵੱਲੋਂ ਭਰਪੂਰ ਸਵਾਗਤ ਕਰਦੇ ਹਾਂ ਤੇ ਆਸ ਕਰਦੇ ਹਾਂ ਕਿ ਉਹ ਕਲਮ ਦਾ ਸਫ਼ਰ ਜਾਰੀ ਰੱਖਦਿਆਂ 'ਦੀਪ ਸਿੱਧੂ' ਬਾਰੇ ਬੇਅੰਤ ਲਿਖਤਾਂ ਖਾਲਸਾ ਪੰਥ ਦੀ ਝੋਲੀ 'ਚ ਪਾਉਂਦੇ ਰਹਿਣਗੇ।

## ਕਿਤਾਬ ਮੰਗਵਾਉਣ ਲਈ

**Whatsapp your Address at: 9855789851**

Contact: 98557-89851, 0183-50098 51

ਕੀਮਤ 50/-

ਪੰਜਆਬ
PANJAAB

ਜਨਵਰੀ-ਫ਼ਰਵਰੀ 2025 Jan-Feb 2025

ਅੰਕ : 3 Private Circulation only

ਸਮਰਪਣ
**ਗੁਰਮਤਿ ਵਿਚਾਰਧਾਰਾ**
*"ਭੈ ਕਾਹੂ ਕਉ ਦੇਤ ਨਹਿ*
*ਨਹਿ ਭੈ ਮਾਨਤ ਆਨ ॥"*

ਮੁੱਖ ਸੰਪਾਦਕ ਅਤੇ ਸੀ.ਈ.ਓ.
**ਮਨਜੀਤ ਸਿੰਘ ਭੋਗਲ (ਜਰਮਨੀ)**
ਮੁੱਖ ਸੰਪਾਦਕ 'ਪੰਜਆਬ' ਮੈਗਜ਼ੀਨ
Chairman IPCC Germany
Intellectual Punjabi Chamber of Commerce
ਸਬ ਐਡੀਟਰ (ਪੰਜਾਬ ਹੈੱਡਲਾਈਨਜ਼)

ਸਹਾਇਕ ਸੰਪਾਦਕ
**ਡਾ: ਸੁਰਜੀਤ ਸਿੰਘ ਜਰਮਨੀ**
ਸਹਾਇਕ ਸੰਪਾਦਕ 'ਪੰਜਆਬ' ਮੈਗਜ਼ੀਨ
President IPCC Germany
Intellectual Punjabi Chamber of Commerce
Bureau Chief Germany (ਪੰਜਾਬ ਹੈੱਡਲਾਈਨਜ਼)

Address
**PANJAAB**
**Neuebau Str 64A**
**97070 Wurzburg**
**Germany**

Phone Numbers
**+49 176 30760697**

E-mail
**Panjaab2024@yahoo.com**

ਸਭ ਹੱਕ ਰਾਖਵੇਂ ਹਨ। ਬਿਨਾਂ ਇਜ਼ਾਜਤ ਤੋਂ ਕੋਈ ਵੀ ਮੈਟਰ 'ਪੰਜਆਬ' ਰਸਾਲੇ 'ਚੋਂ ਲੈ ਕੇ ਛਾਪਣਾ ਮਨ੍ਹਾ ਹੈ।


ਸੰਪਾਦਕੀ

# ਸਿੱਖ ਕੌਮ ਦੇ ਨੌਜਵਾਨਾਂ ਨੂੰ ਬੇਨਤੀ ਅਤੇ ਸੁਨੇਹਾ

ਪਿਛਲੇ ਲੰਬੇ ਸਮੇਂ ਤੋਂ ਵੇਖਦਾ ਆ ਰਿਹਾ ਕਿ ਹਰ ਪਲੇਟਫ਼ਾਰਮ ਉੱਤੇ ਇੱਕੋ ਹੀ ਗੱਲ ਮਿਲ਼ਦੀ ਹੈ ਕਿ ਸਾਡੇ ਵੱਡੇ-ਵਡੇਰਿਆਂ ਨੇ ਆਹ-ਆਹ ਮੱਲਾਂ ਮਾਰੀਆਂ ਤੇ ਕੌਮ ਦੀ ਝੋਲ਼ੀ ਵਿੱਚ ਆਹ ਕੁਝ ਪਾਇਆ।

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਵੱਡਿਆਂ ਦੀਆਂ ਕੁਰਬਾਨੀਆਂ ਕਰਕੇ ਅਸੀਂ ਇੱਥੋਂ ਤਕ ਪਹੁੰਚੇ ਹਾਂ। ਪਰ ਮੇਰੀ ਕੌਮ ਦੇ ਨੌਜਵਾਨੋ! ਇਹ ਤਾਂ ਸੀ ਸਾਡੇ ਵੱਡਿਆਂ ਦੇ ਕੰਮ। ਪਰ ਕਦੀ ਤੁਸੀਂ ਸ਼ੀਸ਼ੇ ਮੂਹਰੇ ਖੜ੍ਹੇ ਹੋ ਕੇ ਕਦੇ ਆਪਣੇ ਆਪ ਨੂੰ ਇਹ ਸਵਾਲ ਕੀਤਾ ਕਿ ਅਸੀਂ ਆਪਣੀ ਕੌਮ ਲਈ ਕੀ ਕੀਤਾ?

ਜਿਸ ਦਿਨ ਤੁਸੀਂ ਇਹ ਸਵਾਲ ਆਪਣੇ ਆਪ ਨੂੰ ਕਰ ਲਿਆ, ਯਕੀਨ ਮੰਨਿਓ ਓਸ ਦਿਨ ਸਾਡੇ ਮਸਲੇ ਹੱਲ ਹੋ ਜਾਣੇ ਹਨ। ਕਿਉਂਕਿ ਜਿਵੇਂ ਦੇ ਹਾਲਾਤ ਹੁਣ ਬਣੇ ਹੋਏ ਹਨ ਕਿ ਅਸੀਂ ਹਰ ਕੰਮ ਦੀ ਆਸ ਦੂਜੇ ਤੋਂ ਕਰਦੇ ਹਾਂ, ਹਰ ਦੋਸ਼ ਦੂਜੇ ਉੱਤੇ ਮੜ੍ਹਦੇ ਹਾਂ, ਸਾਡਾ ਜ਼ੋਰ ਸ਼੍ਰੋਮਣੀ ਕਮੇਟੀ ਅਤੇ ਸਾਰੀਆਂ ਸੰਸਥਾਵਾਂ ਉੱਤੇ ਤੇ ਦੂਸਰਿਆਂ ਨੂੰ ਸਹੀ ਕਰਨ 'ਤੇ ਲੱਗਿਆ ਰਹਿੰਦਾ ਹੈ।


ਦੇਗ ਤੇਗ ਫ਼ਤਹਿ, ਪੰਥ ਕੀ ਜੀਤ

ਪਰ ਇੰਦਾਂ ਗੱਲ ਨਹੀਂ ਬਣਨੀ ਮੇਰੇ ਵੀਰੋ, ਤੁਸੀਂ ਖ਼ੁਦ ਉੱਠੋ ਤੇ ਆਪਣਾ ਫ਼ਰਜ਼ ਪਛਾਣੋ ਤੇ ਹੁਣ ਤੋਂ ਹੀ ਸ਼ੁਰੂਆਤ ਕਰੋ। ਗੁਰਬਾਣੀ ਅਨੁਸਾਰ "ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥"

ਅੱਜ ਤੋਂ ਹੀ ਇਹ ਸੋਚਣਾ ਸ਼ੁਰੂ ਕਰੀਏ ਕਿ ਅਸੀਂ ਆਪਣੀ ਕੌਮ ਲਈ ਕੀ ਕਰ ਸਕਦੇ ਹਾਂ ਤੇ ਉਸ ਨੂੰ ਕਰਨਾ ਸ਼ੁਰੂ ਕਰੀਏ। ਪਹਿਲਾਂ ਆਪਣੇ ਤੋਂ, ਫਿਰ ਪਰਿਵਾਰ ਵਿੱਚ, ਫਿਰ ਮੁਹੱਲੇ ਵਿੱਚ, ਫਿਰ ਸ਼ਹਿਰ ਵਿੱਚ ਤੇ ਫਿਰ ਮੁਲਕ ਵਿੱਚ।

ਹੁਣ ਤੁਹਾਡਾ ਸਵਾਲ ਇਹ ਹੋਣਾ ਕਿ ਸ਼ੁਰੂ ਕਿਵੇਂ ਕਰੀਏ ਅਤੇ ਕਿੱਥੋਂ ਕਰੀਏ ?

ਸਭ ਤੋਂ ਪਹਿਲਾਂ ਆਪਣੇ ਘਰ ਵਿੱਚ ਇੱਕ ਦਰਖ਼ਤ ਲਾਓ, ਇਸ ਨਾਲ ਤੁਹਾਡੇ ਅੰਦਰ ਕੁਦਰਤ ਨਾਲ਼ ਪਿਆਰ ਕਰਨ ਦਾ ਉਤਸ਼ਾਹ ਪੈਦਾ ਹੋਵੇਗਾ। ਉਸ ਤੋਂ ਬਾਅਦ ਆਪਣੇ ਘਰ ਮੂਹਰੇ ਸਫ਼ਾਈ ਕਰਨੀ ਸ਼ੁਰੂ ਕਰੋ, ਇਸ ਨਾਲ ਤੁਹਾਡਾ ਸਰੀਰ ਤੰਦਰੁਸਤ ਰਹੇਗਾ। ਫਿਰ ਦਿਨ ਵਿੱਚ ਇੱਕ ਵਾਰ ਗੁਰਦੁਆਰੇ ਜਾਓ, ਇਸ ਨਾਲ ਤੁਹਾਡੀ ਆਤਮਾ ਠੀਕ ਹੋਵੇਗੀ। ਜਪੁ ਜੀ ਸਾਹਿਬ ਦਾ ਪਾਠ ਅਤੇ ਚੰਗੀਆਂ ਕਿਤਾਬਾਂ ਪੜ੍ਹੋ।

ਨੌਜਵਾਨ ਵੀਰੋ! ਅੱਜ ਪੰਥ ਅਤੇ ਪੰਜਾਬ ਉੱਤੇ ਚਾਰੇ ਪਾਸਿਓਂ ਹਮਲੇ ਹੋ ਰਹੇ ਹਨ। ਇਸ ਸਮੇਂ ਤੁਹਾਡੀ ਬਹੁਤ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਆਪਣੇ ਵੱਡੇ ਵਡੇਰਿਆਂ ਵਾਂਗ ਅਸੀਂ ਵੀ ਪੰਥਕ ਸਿਧਾਂਤਾਂ ਦੀ ਰਾਖੀ ਅਤੇ ਦੇਸ਼ ਪੰਜਾਬ ਦੀ ਖ਼ੁਸ਼ਹਾਲੀ ਲਈ ਕਾਰਜ ਕਰੀਏ। ਆਪਣੇ ਲੋਕਾਂ ਨੂੰ ਜਾਗਰੂਕ ਕਰੋ। ਹਰ ਸਮੇਂ ਚੋਕੰਨੇ ਹੋ ਕੇ ਰਹੋ। ਦੁਸ਼ਮਣ ਦੀ ਹਰ ਚਾਲ ਨੂੰ ਸਮਝੋ ਅਤੇ ਨੀਤੀ ਅਨੁਸਾਰ ਜਵਾਬ ਦਿਓ। ਸਰਕਾਰ ਦੇ ਬਿਰਤਾਂਤ ਨੂੰ ਤੋੜ ਕੇ ਪੰਥ ਅਤੇ ਪੰਜਾਬ ਦੇ ਹੱਕ ਵਿੱਚ ਨਵੇਂ ਬਿਰਤਾਂਤ ਸਿਰਜੋ।

ਵੀਰੋ-ਭੈਣੋ! ਨਿਰਾਸ਼ਾ ਦੇ ਸਮੁੰਦਰ ਵਿੱਚੋਂ ਨਿਕਲੋ, ਕੌਮ ਦੀ ਚੜ੍ਹਦੀ ਕਲਾ ਲਈ ਕਮਰਕੱਸੇ ਕਰੋ। ਆਪਣੇ ਗੁਰੂ ਸਾਹਿਬਾਨਾਂ, ਸ਼ਹੀਦਾਂ ਅਤੇ ਸੂਰਬੀਰਾਂ ਦੇ ਮਹਾਨ ਜੀਵਨ ਤੋਂ ਪ੍ਰੇਰਨਾ ਲਵੋ। ਵੱਧ ਤੋਂ ਵੱਧ ਗੁਰਮਤਿ ਦੀਆਂ ਕਲਾਸਾਂ, ਦਸਤਾਰ ਅਤੇ ਗਤਕਾ ਸਿਖਲਾਈ ਕੈਂਪ ਲਗਾਓ ਅਤੇ ਲੋੜਵੰਦਾਂ ਦਾ ਸਹਾਰਾ ਬਣੋ।

ਗੁਰੂ ਪੰਥ ਦਾ ਦਾਸ
**ਮਨਜੀਤ ਸਿੰਘ ਭੋਗਲ (ਜਰਮਨੀ)**
ਮੁੱਖ ਸੰਪਾਦਕ 'ਪੰਜਆਬ' ਮੈਗਜ਼ੀਨ
ਚੇਅਰਮੈਨ (IPCC germany intellectual punjabi Chamber of Commerce)
ਸਬ ਐਡੀਟਰ (ਪੰਜਾਬ ਹੈੱਡਲਾਈਨਜ਼)



– ਰਣਜੀਤ ਸਿੰਘ ਦਮਦਮੀ ਟਕਸਾਲ
(ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)

# “ਫ਼ਾਂਸੀ ਦੇ ਤਖ਼ਤੇ ’ਤੇ ਖੜ੍ਹ ਕੇ ਸਤਵੰਤ ਸਿੰਘ ਅਤੇ ਕੇਹਰ ਸਿੰਘ ਨੇ ‘ਬੋਲੇ ਸੋ ਨਿਹਾਲ’ ਦੇ ਜੈਕਾਰੇ ਗਜਾਏ”

## – ਜੇਲ੍ਹਰ ਸੁਨੀਲ ਗੁਪਤਾ


ਸ਼ਹੀਦ ਭਾਈ ਸਤਵੰਤ ਸਿੰਘ ਅਤੇ ਸ਼ਹੀਦ ਭਾਈ ਕੇਹਰ ਸਿੰਘ ਦੇ ਆਖ਼ਰੀ ਪਲ਼ਾਂ ਨੂੰ ਤਿਹਾੜ ਜੇਲ੍ਹ ਦੇ ਅਫ਼ਸਰ ਸੁਨੀਲ ਗੁਪਤਾ ਨੇ ਆਪਣੀ ਕਿਤਾਬ ‘ਬਲੈਕ ਵਰੰਟ’ ਵਿੱਚ ਬਾਖ਼ੂਬੀ ਕਲਮਬੰਦ ਕੀਤਾ ਹੈ ਜੋ ਅੰਗਰੇਜ਼ੀ ਵਿੱਚ ਹੈ। ਇਹ ਕਿਤਾਬ ਉਹਨਾਂ ਨੇ ਸੀਨੀਅਰ ਪੱਤਰਕਾਰ ਸੁਨੇਤਰਾ ਚੌਧਰੀ ਦੇ ਨਾਲ਼ ਮਿਲ਼ ਕੇ ਲਿਖੀ ਹੈ।

ਜੇਲ੍ਹਰ ਸੁਨੀਲ ਗੁਪਤਾ ਲਿਖਦਾ ਹੈ ਕਿ ਤਿਹਾੜ ਜੇਲ੍ਹ ਦੇ ਇਤਿਹਾਸ ਵਿੱਚ ਸਤਵੰਤ ਸਿੰਘ ਅਤੇ ਕੇਹਰ ਸਿੰਘ ਅਜਿਹੇ ਵਿਅਕਤੀਆਂ ਦੇ ਤੌਰ ’ਤੇ ਜਾਣੇ ਜਾਣਗੇ ਜਿਨ੍ਹਾਂ ਨੇ ਸਿੱਖ ਰਵਾਇਤਾਂ ਅਨੁਸਾਰ ਫ਼ਾਂਸੀ ਦੇ ਤਖ਼ਤੇ ’ਤੇ ਖੜ੍ਹ ਕੇ ‘ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ’ ਦੇ ਜੈਕਾਰੇ ਗਜਾਏ।

ਗੁਪਤਾ ਨੇ ਤਿਹਾੜ ਜੇਲ੍ਹ ’ਚ 35 ਸਾਲਾ ਨੌਕਰੀ ਦੌਰਾਨ ਬਿੱਲਾ ਅਤੇ ਰੰਗਾ ਨੂੰ 1982, ਮਕਬੂਲ ਭੱਟ ਨੂੰ 1984, ਕਰਤਾਰ ਸਿੰਘ ਅਤੇ ਉਜਾਗਰ ਸਿੰਘ ਨੂੰ 1985, ਸਤਵੰਤ ਸਿੰਘ ਅਤੇ ਕੇਹਰ ਸਿੰਘ ਨੂੰ 1989 ਅਤੇ ਅਫ਼ਜ਼ਲ ਗੁਰੂ ਨੂੰ 2013 ’ਚ ਫ਼ਾਂਸੀ ’ਤੇ ਝੂਲਦਿਆਂ ਅੱਖੀਂ ਵੇਖਿਆ।

ਜੇਲ੍ਹਰ ਲਿਖਦਾ ਹੈ ਕਿ ਦਸੰਬਰ 1984 ’ਚ ਤਿਹਾੜ ਜੇਲ੍ਹ ਨੇ ਇੰਦਰਾ ਗਾਂਧੀ ਦੇ ਕਤਲ ਕੇਸ ’ਚ ਕੇਹਰ ਸਿੰਘ, ਸਤਵੰਤ ਸਿੰਘ ਅਤੇ ਬਲਬੀਰ ਸਿੰਘ ਵਿਰੁੱਧ ਕੇਸ ਚਲਾਉਣ ਲਈ ਆਪਣੇ ਆਪ ਨੂੰ ਤਿਆਰ ਕੀਤਾ।

ਕਿਤਾਬ ’ਚ ਇਸ ਹਾਈ ਪ੍ਰੋਫ਼ਾਈਲ ਕੇਸ ਨੂੰ ਮੁੱਢ ਤੋਂ ਲੈ ਕੇ ਅੰਜ਼ਾਮ ਤਕ ਸਾਰੀ ਬਰੀਕੀ ਵਿੱਚ ਕੀਤੀ ਗਈ ਪਲੈਨਿੰਗ ਨੂੰ ਡਾਕੂਮੈਂਟ ਕੀਤਾ ਗਿਆ ਹੈ। ਤਿਹਾੜ ਜੇਲ੍ਹ ਵਿੱਚ ਪਹਿਲੀ ਵਾਰ ਇਸ ਕੇਸ ਨੂੰ ਲੈ ਕੇ ਜੇਲ੍ਹ ਕੰਪਲੈਕਸ ਦੇ ਅੰਦਰ ਹੀ ਅਦਾਲਤ ਤਿਆਰ ਕੀਤੀ ਗਈ ਕਿਉਂਕਿ ਏਜੰਸੀਆਂ ਅਤੇ ਸਰਕਾਰ ਨੂੰ ਇਹ ਖ਼ਦਸ਼ਾ ਸੀ ਕਿ ਦੋਸ਼ੀਆਂ ਨੂੰ ਵਾਰ-ਵਾਰ ਅਦਾਲਤ ਵਿੱਚ ਲੈ ਕੇ ਜਾਣ ਅਤੇ ਵਾਪਸ ਲਿਆਉਣ ਦੇ ਹਲਾਤਾਂ ਨਾਲ ਨਜਿੱਠਣਾ ਬੜਾ ਔਖਾ ਹੈ।




ਇਹਨਾਂ ਤਿੰਨਾਂ ਸਿੰਘਾਂ ਦੇ ਵਕੀਲ ਪੀ.ਐੱਨ. ਲੇਖੀ, ਆਰ.ਐੱਸ. ਸੋਢੀ ਅਤੇ ਰਾਮ ਜੇਠ ਮਲਾਨੀ ਨੇ ਸੁਪਰੀਮ ਕੋਰਟ ’ਚ ਤਿਹਾੜ ਜੇਲ੍ਹ ਦੇ ਅੰਦਰ ਟਰਾਇਲ ਚਲਾਉਣ ਨੂੰ ਚੁਣੌਤੀ ਦਿੱਤੀ ਪਰ ਅਦਾਲਤ ਨੇ ਸਰਕਾਰ ਦੀ ਗੱਲ ਮੰਨਦਿਆਂ ਤਿਹਾੜ ਜੇਲ੍ਹ ’ਚ ਕੋਰਟ ਲਾਉਣ ਦੀ ਪ੍ਰਵਾਨਗੀ ਦੇ ਦਿੱਤੀ।

ਤਿਹਾੜ ਦੀ ਜੇਲ੍ਹ ਨੰਬਰ ਤਿੰਨ ਵਿੱਚ ਸੁਪਰਡੈਂਟ ਦੇ ਕਮਰੇ ਨੂੰ ਕੋਰਟ ਰੂਮ ’ਚ ਤਬਦੀਲ ਕੀਤਾ ਗਿਆ। ਤਿੰਨੇ ਸਿੰਘਾਂ ਨੂੰ ਜੇਲ੍ਹ ਨੰਬਰ ਇੱਕ ਤੋਂ ਤਿੰਨ ਵਿੱਚ ਵੈਨ ’ਤੇ ਲਿਆਇਆ ਜਾਂਦਾ ਸੀ। ਪਹਿਲੀ ਵਾਰ ਐਡੀਸ਼ਨਲ ਸ਼ੈਸ਼ਨ ਜੱਜ ਮਹੇਸ਼ ਚੰਦਰਾ, ਗਵਾਹਾਂ ਅਤੇ ਦੋਸ਼ੀਆਂ ਲਈ ਬੁਲੇਟ ਪਰੂਫ਼ ਗਲਾਸ (ਕਵਚ) ਬਣਾਏ ਗਏ।

ਗੁਪਤਾ ਲਿਖਦਾ ਹੈ ਕਿ ਜੱਜ ਚੰਦਰਾ ਬੁਲੇਟ ਪਰੂਫ਼ ਕਵਚ ਹੋਣ ਦੇ ਬਾਵਜੂਦ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦਾ ਸੀ। ਜੇਲ੍ਹਰ ਲਿਖਦਾ ਹੈ ਕਿ ਜੱਜ ਵੱਖ-ਵੱਖ ਪਾਸਿਓਂ ਮਾਨਸਿਕ ਦਬਾਅ ਹੇਠ ਲਗਦਾ ਸੀ। ਜਦੋਂ ਸਤਵੰਤ ਸਿੰਘ ਅਤੇ ਕੇਹਰ ਸਿੰਘ ਇਹ ਸ਼ਿਕਾਇਤ ਕਰਦੇ ਸੀ ਕਿ ਸਾਡੇ ਨਾਲ਼ ਜੇਲ੍ਹ ਅੰਦਰ ਮਾੜਾ ਸਲੂਕ ਕੀਤਾ ਜਾਂਦਾ ਹੈ, ਕੁੱਟ-ਮਾਰ ਕੀਤੀ ਜਾਂਦੀ ਹੈ ਤਾਂ ਜੱਜ ਸਾਡੇ ਨਾਲ਼ ਅਦਾਲਤ ਸ਼ੁਰੂ ਹੋਣ ਤੋਂ ਪਹਿਲਾਂ ਹੀ ਪ੍ਰਾਈਵੇਟ ਤੌਰ ’ਤੇ ‘ਗੰਢ-ਤੁਪ’ ਤੈਅ ਕਰ ਲੈਂਦਾ ਸੀ ਕਿ “ਜੇ ਮੈਂ ਇਹ ਕਹਾਂਗਾ ਤਾਂ ਤੁਸੀਂ ਇਹ ਕਹਿ ਦਿਓ।”

ਜਦੋਂ ਕਦੇ ਸਿੰਘ, ਜੱਜ ਨੂੰ ਇਕੱਲਿਆਂ ਵਿੱਚ ਮਿਲ਼ ਕੇ ਆਪਣੀਆਂ ਸਮੱਸਿਆਵਾਂ ਦੱਸਣਾ ਚਾਹੁੰਦੇ ਸਨ ਤਾਂ ਜੱਜ ਡਰ ਵਿੱਚੋਂ ਉਹਨਾਂ ਨੂੰ ਮਿਲ਼ਣ ਤੋਂ ਇਨਕਾਰ ਕਰ ਦਿੰਦਾ ਸੀ। ਕਿਤਾਬ ਵਿੱਚ ਕੁਝ ਅਜਿਹੇ ਇੰਕਸ਼ਾਫ਼ ਹਨ ਜੋ ਭਾਰਤੀ ਜਸਟਿਸ ਸਿਸਟਮ ਦੇ ਖੋਖਲੇਪਨ ਨੂੰ ਉਜਾਗਰ ਕਰਦੇ ਹਨ।

ਗੁਪਤਾ ਲਿਖਦੇ ਹਨ ਕਿ ਜੱਜ ਮਹੇਸ਼ ਚੰਦਰਾ ਨੂੰ ਇਹ ਕੇਸ ਇਸ ਕਰਕੇ ਸੌਂਪਿਆ ਗਿਆ ਸੀ ਕਿ ਉਹ ਸਰਕਾਰੀ ਪੱਖ ਦਾ ਪੂਰਾ ਧਿਆਨ ਰੱਖਣ। ਏ.ਸੀ.ਪੀ. ਰਾਜਿੰਦਰਾ ਪ੍ਰਸਾਦ ਖੋਚਰ ਨੇ ਜੇਲ੍ਹਰ ਨੂੰ ਕਿਹਾ ਕਿ ਸਾਡੇ ਕੋਲ਼ ਇਸ ਜੱਜ ਦੇ ਖ਼ਿਲਾਫ਼ ਬਹੁਤ ਸ਼ਿਕਾਇਤਾਂ ਹਨ, ਜੇਕਰ ਇਸ ਨੇ ਉਹ ਫ਼ੈਸਲਾ ਜੋ ਸਰਕਾਰ ਚਾਹੁੰਦੀ ਹੈ, ਨਾ ਦਿੱਤਾ ਤਾਂ ਅਸੀਂ ਇਸ ਨੂੰ ਬੇ-ਪਰਦ ਕਰ ਦਿਆਂਗੇ।


ਅਜੀਤ
ਸਤਵੰਤ ਸਿੰਘ ਤੇ ਕੇਹਰ ਸਿੰਘ ਨੂੰ ਫਾਂਸੀ
ਮ੍ਰਿਤਕ ਦੇਹਾਂ ਨਾ ਸੌਂਪੀਆਂ-ਜੇਲ੍ਹ ਵਿਚ ਹੀ ਦੋਹਾਂ ਦਾ ਅੰਤਮ ਸਸਕਾਰ
ਰਿਸ਼ਤੇਦਾਰਾਂ ਨੂੰ ਅੱਜ ਦੋਹਾਂ ਦੀਆਂ ਅਸਥੀਆਂ ਚੁਗਣ ਦੀ ਇਜਾਜ਼ਤ
ਸਖ਼ਤ ਸੁਰੱਖਿਆ ਪ੍ਰਬੰਧਾਂ ਨਾਲ ਤਿਹਾੜ ਜੇਲ੍ਹ ਕਿਲ੍ਹੇ 'ਚ ਬਦਲ ਗਈ
ਪੰਜਾਬ ਬੰਦ ਨੂੰ ਭਰਵਾਂ

7 ਜਨਵਰੀ 1989 ਦੀ ਅਜੀਤ ਅਖ਼ਬਾਰ ਦਾ ਮੁੱਖ ਪੰਨਾ

ਜੇਲ੍ਹਰ ਗੁਪਤਾ ਕਹਿੰਦੇ ਹਨ ਕਿ ਇਹ ਇੱਕ ਆਮ ਧਾਰਨਾ ਸੀ ਕਿ ਜੇ ਮਰਨ ਵਾਲ਼ੀ ਦੇਸ਼ ਦੀ ਪ੍ਰਧਾਨ ਮੰਤਰੀ ਨਾ ਹੁੰਦੀ ਤਾਂ ਇਹਨਾਂ ਸਿੰਘਾਂ ਨੇ ਬਰੀ ਹੋ ਜਾਣਾ ਸੀ ਅਤੇ ਇਹ ਸੋਚ ਸਿੱਖ ਭਾਈਚਾਰੇ ਵਿੱਚ ਬਹੁਤ ਵਾਰ ਵਿਚਾਰੀ ਅਤੇ ਪ੍ਰਵਾਨ ਕੀਤੀ ਗਈ। ਇਹ ਗੱਲ ਸਾਫ਼ ਸੀ ਕਿ ਕੇਹਰ ਸਿੰਘ ਦੇ ਵਿਰੁੱਧ ਕੋਈ ਪੁਖਤਾ ਸਬੂਤ ਨਹੀਂ ਸਨ।

ਪਹਿਲਾ ਕਾਰਨ ਗੁਪਤਾ ਲਿਖਦੇ ਹਨ ਕਿ ਬੇਅੰਤ ਸਿੰਘ ਜੋ ਮੁੱਖ ਸ਼ੂਟਰ ਸੀ ਉਸ ਨੂੰ ਮੌਕੇ ’ਤੇ ਮਾਰ ਦਿੱਤਾ ਗਿਆ ਤੇ ਉਸ ਦੀ ਮੌਤ ਨਾਲ਼ ਕਤਲ ਪਿੱਛੇ ਸਾਜ਼ਿਸ਼ ਅਤੇ ਅਸਲ ਮਨੋਰਥ ਕੀ ਸੀ ਉਹ ਗੁਆਚ ਗਿਆ।

ਦੂਜਾ ਕੇਹਰ ਸਿੰਘ ਦੇ ਖ਼ਿਲਾਫ਼ ਇੱਕੋ-ਇੱਕ ਸਬੂਤ ਜੋ ਪੁਲੀਸ ਨੇ ਜਬਰੀ ਤਿਆਰ ਕੀਤਾ ਸੀ ਉਹ ਸੀ ਬਿਮਲ ਕੌਰ ਖ਼ਾਲਸਾ ਦੀ ਗਵਾਹੀ ਜੋ ਬੇਅੰਤ ਸਿੰਘ ਦੀ ਸੁਪਤਨੀ



ਸ਼ਹੀਦ ਭਾਈ ਸਤਵੰਤ ਸਿੰਘ



ਸ਼ਹੀਦ ਭਾਈ ਕੇਹਰ ਸਿੰਘ

ਸੀ।

ਕਿਤਾਬ ਲਿਖਣ ਵਾਲ਼ਾ ਬਿਆਨ ਕਰਦਾ ਹੈ ਕਿ ਇਸ ਕੇਸ ਵਿੱਚ ਬਹੁਤ ਸਾਰੇ ਐਸੇ ਪੱਖ ਸਨ ਜਿਨ੍ਹਾਂ ਵਿੱਚ ਕਮੀਆਂ ਤੇ ਤਰੁੱਟੀਆਂ ਸਨ ਪਰ ਸੁਪਰੀਮ ਕੋਰਟ ਨੇ ਉਸ ਵੱਲ ਧਿਆਨ ਨਹੀਂ ਦਿੱਤਾ।

ਗੁਪਤਾ ਕਹਿੰਦਾ ਹੈ ਕਿ ਸਤਵੰਤ ਸਿੰਘ ਪਹਿਲੇ ਦਿਨ ਤੋਂ ਹੀ ਲੜਾਕੂ ਸੁਭਾਅ ਦਾ ਸੀ ਅਤੇ ਆਪਣੇ ਜੇਲ੍ਹ ਗਾਰਡ ਉੱਤੇ ਵੀ ਹਮਲਾ ਕਰ ਦਿੰਦਾ ਸੀ। ਕਈ ਵਾਰ ਉਹ ਕੋਰਟ ’ਚ ਲੜ ਵੀ ਪੈਂਦਾ ਸੀ ਤੇ ਜੱਜ ਇਸ ਗੱਲ ਤੋਂ ਬੜਾ ਭੈਅ ਖਾਂਦਾ ਸੀ। ਇਥੋਂ ਤਕ ਕਿ ਸਤਵੰਤ ਸਿੰਘ ਕਈ ਵਾਰ ਆਪਣੇ ਵਕੀਲ ਦਾ ਵੀ ਲਿਹਾਜ਼ ਨਹੀਂ ਸੀ ਕਰਦਾ। ਕੇਸ ਦੀ ਪੈਰਵਾਈ ਦੌਰਾਨ ਜਦੋਂ ਪੀ.ਐਨ. ਲੇਖੀ ਨੇ ਜਿਰ੍ਹਾ ਕੀਤਾ ਕਿ “ਸਤਵੰਤ ਸਿੰਘ ਬੇਕਸੂਰ ਹੈ ਤੇ ਜਿਹੜਾ ਕਤਲ ਹੋਇਆ ਹੈ ਉਹ ਇਹ ਇੱਕ ਅੰਤਰ-ਰਾਸ਼ਟਰੀ ਸਾਜਿਸ਼ ਹੈ।” ਤਾਂ ਸਤਵੰਤ ਸਿੰਘ ਇੱਕਦਮ ਬੋਲਿਆ ਕਿ “ਮੈਂ ਮਾਰਿਆਂ ਉਸ ਨੂੰ, ਮੈਨੂੰ ਨਹੀਂ ਪਤਾ ਇਹ ਇੱਦਾਂ ਕਿਉਂ ਕਹਿ ਰਹੇ ਨੇ ? ਬਸ, ਮੈਂ ਮਾਰਿਆ ਉਸ ਨੂੰ।”

ਕਿਤਾਬ ਲਿਖਣ ਵਾਲ਼ੇ ਨੇ ਸਤਵੰਤ ਸਿੰਘ ਨੂੰ ਗੱਭਰੂ ਜਵਾਨ ਲਿਖਿਆ ਹੈ। ਸਮੇਂ ਦੇ ਨਾਲ਼-ਨਾਲ਼ ਸਤਵੰਤ ਸਿੰਘ ਦਾ ਗੁੱਸਾ ਠੰਢਾ ਪੈਂਦਾ ਗਿਆ ਤੇ ਜਿਹੜਾ ਆਪਣੇ ਸਕਿਓਰਟੀ ਗਾਰਡ ’ਤੇ ਵੀ ਹਮਲਾ ਕਰਨ ਤੋਂ ਨਹੀਂ ਝਿਜਕਦਾ ਸੀ, ਉਹ ਸਮੇਂ ਦੇ ਨਾਲ਼-ਨਾਲ਼ ਉਹਨਾਂ ਨਾਲ਼ ਗੱਲਾਂ ਅਤੇ ਫੁੱਟਬਾਲ ਵੀ ਖੇਡਣ ਲਗ ਪਿਆ। ਸਤਵੰਤ ਸਿੰਘ ਨੂੰ ਜਦੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਤਾਂ ਉਸ ਵੇਲ਼ੇ ਉਸ ਨੂੰ ਗੋਲ਼ੀਆਂ ਲੱਗੀਆਂ ਸਨ ਤੇ ਉਸ ਦਾ ਇਲਾਜ ਜੇਲ੍ਹ ਅੰਦਰ ਹੀ ਕੀਤਾ ਗਿਆ ਸੀ। ਉਸ ਦਾ ਕਮਰਾ ਜੇਲ੍ਹ ਦਾ ਸੈੱਲ ਘੱਟ ਅਤੇ ਹਸਪਤਾਲ ਜ਼ਿਆਦਾ ਲਗਦਾ ਸੀ।

ਇੱਕ ਨੌਜਵਾਨ ਲੱਖੀ ਰਾਮ ਉਸ ਦਾ ਖਾਣਾ ਬਣਾਉਂਦਾ ਸੀ। ਲੱਖੀ ਰਾਮ ਇੰਟੈਲੀਜੈਂਸੀ ਬਿਓਰੋ ਦਫ਼ਤਰ ’ਚ ਕੰਮ ਕਰਨ ਵਾਲ਼ੇ ਤੀਜੇ ਦਰਜ਼ੇ ਦੇ ਮੁਲਾਜ਼ਮ ਦਾ ਬੇਟਾ ਸੀ ਅਤੇ ਉਸ ਨੂੰ ਇਸ ਕਰਕੇ ਰੱਖਿਆ ਗਿਆ ਸੀ ਕਿ ਸਰਕਾਰ ਨੂੰ ਇਹ ਡਰ ਸੀ ਕਿ ਸਤਵੰਤ ਸਿੰਘ ਨੂੰ ਕੋਈ ਖਾਣੇ ਵਿੱਚ ਜ਼ਹਿਰ ਨਾ ਦੇ ਦੇਵੇ।

ਉਂਝ ਇਹਨਾਂ ਤਿੰਨਾਂ ਸਿੰਘਾਂ ਦੇ ਪਰਿਵਾਰਾਂ ਨੂੰ ਘਰੋਂ ਮੁਲਾਕਾਤ ਵਾਲ਼ੇ ਦਿਨ ਖਾਣਾ ਲਿਆਉਣ ਦੀ ਇਜਾਜ਼ਤ ਸੀ ਅਤੇ ਬਾਪੂ ਤਰਲੋਕ ਸਿੰਘ (ਸਤਵੰਤ ਸਿੰਘ ਦਾ ਪਿਤਾ) ਆਪਣੇ ਪੁੱਤਰ ਦੇ ਸੈੱਲ ਵਿੱਚ ਬਹਿ ਕੇ ਦੁਪਹਿਰ ਦਾ ਖਾਣਾ ਖਾਂਦਾ ਸੀ।

ਜੇਲ੍ਹਰ ਲਿਖਦਾ ਹੈ ਕਿ ਕੇਹਰ ਸਿੰਘ ਦੀ ਦਿੱਖ ਇੱਕ ਸਰਕਾਰੀ ਅਫ਼ਸਰ ਵਾਂਗ ਸੀ। ਉਸ ਦੀ ਸ਼ਖ਼ਸੀਅਤ ’ਚੋਂ ਸ਼ਾਂਤ ਅਤੇ ਸਾਦਾਪਨ ਝਲਕਦਾ ਸੀ ਅਤੇ ਉਹ ਕਦੇ ਵੀ ਸਾਡੀ ਲਈ ਸਮੱਸਿਆ ਨਹੀਂ ਬਣਿਆ। ਉਹ ਇੱਕ ਧਾਰਮਿਕ ਪ੍ਰਚਾਰਕ ਵਾਂਗ ਸੀ, ਉਹ ਜਾਂ ਤਾਂ ਧਾਰਮਿਕ ਕਿਤਾਬਾਂ ਪੜ੍ਹ ਕੇ ਸਮਾਂ ਗੁਜਾਰਦਾ ਸੀ ਜਾਂ ਫਿਰ ਬੈੱਡ ’ਤੇ ਆਰਾਮ ਕਰਦਾ ਸੀ।

ਸੁਨੀਲ ਗੁਪਤਾ, ਬਲਬੀਰ ਸਿੰਘ ਬਾਰੇ ਚੰਗੀ ਰਾਏ ਨਹੀਂ ਰੱਖਦਾ ਜੋ ਕਿ ਦਿੱਲੀ ਪੁਲੀਸ ਦਾ ਇੰਸਪੈਕਟਰ ਸੀ ਜਿਸ ਬਾਰੇ ਉਹ ਕਹਿੰਦਾ ਹੈ ਕਿ ਇਹ ਬੜਬੋਲਾ ਵਿਅਕਤੀ ਸੀ। ਕੇਹਰ ਸਿੰਘ ਦੇ ਸੈੱਲ ਦੇ ਨਾਲ਼ ਹੀ ਬਲਬੀਰ ਸਿੰਘ ਦਾ ਸੈੱਲ ਸੀ ਅਤੇ ਇਸ ਦੀ ਸਜ਼ਾ ਦਾ ਆਧਾਰ ਪੁਲੀਸ ਦੀ ਕਹਾਣੀ ਸੀ ਕਿ ਸਤੰਬਰ ਦੇ ਪਹਿਲੇ ਹਫ਼ਤੇ ਇਸ ਨੇ ਇੱਕ ਬਾਜ਼ ਵੇਖਿਆ ਜਿਸ ਨੇ ਇਸ ਨੂੰ ਇੰਦਰਾ ਗਾਂਧੀ ਦੇ ਕਤਲ ਦਾ ਸੰਕੇਤ ਦਿੱਤਾ।

ਗੁਪਤਾ ਨੂੰ ਲਗਦਾ ਹੈ ਕਿ ਬਲਬੀਰ ਸਿੰਘ ਦਾ ਆਪਣਾ ਬੜਬੋਲਾ ਰਵੱਈਆ ਹੀ ਇਸ ਦੀ ਸਜ਼ਾ ਦਾ ਕਾਰਨ ਬਣਿਆ ਪਰ ਸੁਪਰੀਮ ਕੋਰਟ ਨੇ ਟਰਾਇਲ ਕੋਰਟ ਵੱਲੋਂ ਬਲਬੀਰ ਸਿੰਘ ਨੂੰ ਦਿੱਤੀ ਫ਼ਾਂਸੀ ਦੀ ਸਜ਼ਾ ਰੱਦ ਕਰ ਦਿੱਤੀ ਜਿਸ ਤੋਂ ਇੰਟੈਲੀਜੈਂਸੀ ਬਿਓਰੋ ਵਾਲ਼ੇ ਬਹੁਤ ਔਖੇ ਸਨ।

ਜਿਵੇਂ-ਜਿਵੇਂ ਫ਼ਾਂਸੀ ਦੀ ਤਾਰੀਖ਼ ਨੇੜੇ ਆਉਂਦੀ ਗਈ, ਸਤਵੰਤ ਸਿੰਘ ਸ਼ਾਂਤ ਹੁੰਦਾ ਗਿਆ ਅਤੇ ਉਸ ਨੇ ਖਾਣਾ ਵੀ ਘੱਟ ਕਰ ਦਿੱਤਾ। ਕੇਹਰ ਸਿੰਘ ਦਾ ਪਰਿਵਾਰ ਉਸ ਦੀ ਜਾਨ ਬਚਾਉਣ ਲਈ ਹੱਥ-ਪੈਰ ਮਾਰਦਾ ਰਿਹਾ। ਪਰ ਸਤਵੰਤ ਸਿੰਘ ਨੇ ਕਿਹਾ ਕਿ “ਪਰਮਾਤਮਾ ਕੋਲ਼ ਹੀ ਇਹ ਅਧਿਕਾਰ ਹੈ ਕਿ ਉਹ ਮੇਰੇ ਬਾਰੇ ਅੰਤਿਮ ਫ਼ੈਸਲਾ ਕਰੇ।”

6 ਜਨਵਰੀ 1989 ਵਾਲ਼ੇ ਦਿਨ ਇਹ ਦੋਵੇਂ ਵਿਅਕਤੀ ਕਾਫ਼ੀ ਸ਼ਾਂਤ ਸਨ। ਨਿਤਨੇਮ ਕਰਨ ਤੋਂ ਬਾਅਦ ਕੇਹਰ ਸਿੰਘ ਨੇ ਫ਼ਾਂਸੀ ਅਹਾਤੇ ਵੱਲ ਜਾਣ ਲੱਗਿਆਂ ਜੇਲ੍ਹਰ ਨੂੰ ਕਿਹਾ ਕਿ “ਹੁਣ ਵੀ ਮੇਰੀ ਫ਼ਾਂਸੀ ਰੋਕਣ ਲਈ ਕੁਝ ਹੋ ਸਕਦਾ ਹੈ ?” ਪਰ ਸਤਵੰਤ ਸਿੰਘ ਨੇ ਕੁਝ ਨਹੀਂ ਕਿਹਾ।

ਜੇਲ੍ਹਰ ਲਿਖਦਾ ਹੈ ਕਿ ਸਤਵੰਤ ਸਿੰਘ ਅਤੇ ਕੇਹਰ ਸਿੰਘ ਨੇ ਫ਼ਾਂਸੀ ਦੇ ਤਖ਼ਤੇ ’ਤੇ ਝੂਲਣ ਤੋਂ ਪਹਿਲਾਂ ‘ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ’ ਦੇ ਜੈਕਾਰੇ ਗਜਾਏ।

ਗੁਪਤਾ ਨੇ ਲਿਖਿਆ ਹੈ ਕਿ ਮੈਨੂੰ ਇਹ ਆਖ਼ਰੀ ਦ੍ਰਿਸ਼ ਯਾਦ ਹੈ ਜਦੋਂ ਉਹਨਾਂ ਉੱਤੇ ਕਾਲ਼ਾ ਕੱਪੜਾ ਪਾਇਆ ਗਿਆ ਤੇ ਪਲ਼ਾਂ ਵਿੱਚ ਹੀ ਉਹ ਅੱਖਾਂ ਤੋਂ ਓਹਲੇ ਹੋ ਗਏ।

ਸਰਕਾਰ ਨੇ ਫ਼ੈਸਲਾ ਕੀਤਾ ਕਿ ਉਹਨਾਂ ਦੀਆਂ ਦੇਹਾਂ ਪਰਿਵਾਰਾਂ ਨੂੰ ਨਹੀਂ ਦਿੱਤੀਆਂ ਜਾਣਗੀਆਂ। ਉਹਨਾਂ ਦਾ ਜੇਲ੍ਹ ਨੰਬਰ ਤਿੰਨ ਵਿੱਚ ਸਸਕਾਰ ਕੀਤਾ ਗਿਆ। ਦਿੱਲੀ ਨਗਰ ਨਿਗਮ ਨੇ ਉਸ ਜਗ੍ਹਾ ਨੂੰ ਸ਼ਮਸ਼ਾਨ ਘਾਟ ਐਲਾਨ ਦਿੱਤਾ। ਅਗਲੇ ਦਿਨ ਜੇਲ੍ਹ ਅਧਿਕਾਰੀਆਂ ਨੇ



ਸੁਨੇਤਰਾ ਚੌਧਰੀ



ਸੁਨੀਲ ਗੁਪਤਾ

ਅਸਥੀਆਂ ਪਾਉਣ ਲਈ ਪਰਿਵਾਰ ਨੂੰ ਵੀ ਡਿਪਟੀ ਜੇਲ੍ਹ ਸੁਪਰੀਟੈਂਡੈਂਟ ਦੇ ਨਾਲ਼ ਹਰਿਦੁਆਰ ਜਾਣ ਦੀ ਇਜਾਜ਼ਤ ਦੇ ਦਿੱਤੀ।

ਗੁਪਤਾ ਇਸ ਗੱਲ ਲਈ ਬੜਾ ਹੈਰਾਨ ਹੈ ਕਿ ਸਤਵੰਤ ਸਿੰਘ ਅਤੇ ਕੇਹਰ ਸਿੰਘ ਦੇ ਪਰਿਵਾਰ ਅਤੇ ਕੌਮ ਨੇ ਉਹਨਾਂ ਨੂੰ ਕਦੇ ਇਕੱਲਿਆ ਨਹੀਂ ਛੱਡਿਆ। ਉਹ ਲਿਖਦਾ ਹੈ ਕਿ ਕੌਮ ਸਤਵੰਤ ਸਿੰਘ ਤੇ ਕੇਹਰ ਸਿੰਘ ਦੇ ਮਕਸਦ ਨੂੰ ਆਪਣੇ ਨਾਲ਼ ਜੋੜ ਕੇ ਵੇਖਦੀ ਸੀ। ਕੌਮੀ ਸਮਰਥਨ ਉੱਤੇ ਹੈਰਾਨੀ ਵਿਖਾਉਂਦਿਆਂ ਜੇਲ੍ਹਰ ਨੇ ਲਿਖਿਆ ਹੈ ਕਿ ਕੌਮ ਅਤੇ ਪਰਿਵਾਰ ਇਹਨਾਂ ਦੇ ਨਾਲ਼ ਹਮੇਸ਼ਾਂ ਖੜ੍ਹੇ ਰਹੇ।

ਜੇਲ੍ਹਰ ਇਹ ਵੀ ਲਿਖਣਾ ਨਹੀਂ ਭੁੱਲਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਹਨਾਂ ਦੋਹਾਂ ਨੂੰ ‘ਸ਼ਹੀਦ’ ਦਾ ਰੁਤਬਾ ਦਿੱਤਾ ਗਿਆ ਹੈ।

ਫ਼ਾਂਸੀ ਦੇ ਤਖ਼ਤੇ ’ਤੇ ਖੜ੍ਹ ਕੇ ਸਤਵੰਤ ਸਿੰਘ ਅਤੇ ਕੇਹਰ ਸਿੰਘ ਨੇ ‘ਬੋਲੇ ਸੋ ਨਿਹਾਲ’ ਦਾ ਜੋ ਜੈਕਾਰਾ ਲਾਇਆ ਸੀ ਉਹ ਅੱਜ ਵੀ ਕੌਮ ’ਚ ਗੂੰਜਦਾ ਹੈ ਤੇ ਹਮੇਸ਼ਾਂ ਗੂੰਜਦਾ ਰਹੇਗਾ ਕਿਉਂਕਿ ਸਿੱਖ ਉਹਨਾਂ ਦੀ ਸ਼ਹਾਦਤ ਉੱਤੇ ਬੇਹੱਦ ਮਾਣ ਕਰਦੇ ਹਨ।

* * * *



– ਡਾਕਟਰ ਸੁਰਜੀਤ ਸਿੰਘ ਜਰਮਨੀ
ਸਹਾਇਕ ਸੰਪਾਦਕ 'ਪੰਜਆਬ' ਮੈਗਜ਼ੀਨ
(President IPCC Germany)
Buro Chief Germany (ਪੰਜਾਬ ਹੈੱਡਲਾਈਨਜ਼)

# ਹਮ ਹਿੰਦੂ ਨਹੀਂ

ਜਿਸ ਤਰ੍ਹਾਂ ਦਾ ਨੈਰੇਟਿਵ ਕੈਨੇਡਾ ਘਟਨਾ ਤੋਂ ਬਾਅਦ ਭਾਰਤੀ ਮੀਡੀਆ ਨੇ ਭਾਰਤ ਸਮੇਤ ਸਾਰੀ ਦੁਨੀਆਂ ਵਿੱਚ ਸੈੱਟ ਕੀਤਾ ਤੇ ਸਿੱਖਾਂ ਨੂੰ ਅੱਤਵਾਦੀ ਸਾਬਿਤ ਕਰਨ 'ਤੇ ਲੱਗੇ ਹੋਏ ਨੇ। ਉਸ ਦੇ ਬਾਅਦ ਜ਼ਿਆਦਾਤਰ ਸਿੱਖ ਖ਼ਾਸ ਕਰਕੇ ਗੁਰਦੁਆਰਾ ਸਾਹਿਬਾਨਾਂ ਦੇ ਪ੍ਰਧਾਨ ਤੇ ਕਮੇਟੀਆਂ ਦੇ ਮੈਂਬਰ ਸਿੱਖਾਂ ਨੂੰ ਹਿੰਦੂਆਂ ਦਾ ਅੰਗ ਦੱਸ ਕੇ So Called Secularism ਦਾ ਪ੍ਰਚਾਰ ਕਰ ਰਹੇ ਹਨ, ਉਹਨਾਂ ਬਾਬਤ ਇਹ ਲੇਖ ਹੈ।

ਤੁਸੀਂ ਜਿੰਨਾ ਮਰਜੀ ਭਾਰਤ ਦੇ ਖ਼ੇਮੇ 'ਚ ਭੁਗਤਣ ਦਾ ਯਤਨ ਕਰੋ, ਜਿਸ ਦਿਨ ਨਵੰਬਰ 84 ਵਾਲੇ ਹਾਲਾਤ ਬਣੇ ਸਭ ਤੋਂ ਪਹਿਲਾਂ ਬ਼ਲੀ ਦੇ ਬੱਕਰੇ ਤੁਸੀਂ ਹੀ ਬਣਨਾ।


ਖੈਰ! ਆਪਣੀ ਗੱਲ ਅੱਗੇ ਵਧਾਵਾਂ, ਭਾਰਤ ਦਾ ਮੀਡੀਆ ਸਿੱਖਾਂ ਨੂੰ ਵੱਖਰੀ ਕੌਮ ਬਣਾ ਕੇ ਪੇਸ਼ ਕਰ ਰਿਹਾ। ਇਹ ਸਿੱਖਾਂ ਲਈ ਬੜੇ ਮਾਣ ਵਾਲੀ ਗੱਲ ਹੈ। ਜੇ ਹੁਣ ਸਰਕਾਰੀ ਮੀਡੀਏ ਨੇ ਮੰਨ ਹੀ ਲਿਆ ਕਿ ਸਿੱਖ ਇਹਨਾਂ ਦਾ ਹਿੱਸਾ ਨਹੀਂ ਜੋ ਹੈ ਵੀ ਨਹੀਂ ਤਾਂ ਫਿਰ 25 B ਧਾਰਾ ਵੀ ਇਹਨਾਂ ਨੂੰ ਸਰਕਾਰ ਨੂੰ ਕਹਿ ਕੇ ਆਪਣੇ ਸੰਵਿਧਾਨ ਵਿੱਚੋਂ ਕਢਵਾ ਦੇਣੀ ਚਾਹੀਦੀ ਹੈ, ਓਥੇ ਦੋਗ਼ਲਾਪਣ ਕਿਉਂ?

ਬਹੁਤੇ ਮੰਦ ਬੁੱਧੀ ਗੁਰਦੁਆਰਿਆਂ ਦੇ ਪ੍ਰਧਾਨ ਜਾਂ ਮੈਂਬਰ ਆਪਣੀਆਂ ਵੀਡੀਓਜ਼ ਵਿੱਚ ਦਾਅਵਾ ਕਰਦੇ ਨਜ਼ਰ ਆਏ ਕਿ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਵੈਦਿਕ ਵਿਚਾਰਧਾਰਾ ਅਤੇ ਸਨਾਤਨ ਮੱਤ ਤੋਂ ਹੀ inspired ਸੀ। ਤੇ ਪੰਜਾਬ ਦੀ ਸੰਸਕ੍ਰਿਤੀ ਭਾਰਤ ਦੀ ਸੰਸਕ੍ਰਿਤੀ ਤੋਂ ਅਲੱਗ ਨਹੀਂ ਹੈ।

ਜਵਾਬ: ਗੁਰੂ ਨਾਨਕ ਦੇਵ ਜੀ ਨੇ ਵੈਦਿਕ ਮੱਤ ਦਾ ਸਭ ਤੋਂ ਵਧ ਕੇ ਵਿਰੋਧ ਕੀਤਾ ਤੇ ਭਾਰਤ ਦੀ ਸੰਸਕ੍ਰਿਤੀ ਕਹੇ ਜਾਣ ਵਾਲੇ ਬ੍ਰਾਹਮਣ ਦੇ ਕਰਮ ਕਾਂਡਾ ਨੂੰ ਚੈਲੰਜ ਕਰ ਕੇ ਧਰਮ ਦੇ ਰਾਹ ਨੂੰ ਕਿਸੇ ਸੀਮਤ ਰੇਖਾ ਤੋਂ ਬਾਹਰ ਕੱਢ ਕੇ ਹਰੇਕ ਤਬਕੇ ਤਕ ਪਹੁੰਚਾਇਆ। ਜਿਸ ਤੋਂ ਬਾਅਦ ਆਉਣ ਵਾਲੇ ਗੁਰੂ ਸਾਹਿਬਾਨਾਂ ਨੇ ਓਸੇ ਫ਼ਲਸਫੇ 'ਤੇ ਚਲ ਕੇ ਵੈਦਿਕ ਮੱਤ ਤੇ ਸਨਾਤਨ ਵਿੱਚ ਸੰਸਕ੍ਰਿਤੀ ਦੇ ਨਾਂ 'ਤੇ ਹੋਣ ਵਾਲੀਆਂ ਕੁਰੀਤੀਆਂ ਦਾ ਰੱਜ ਕੇ ਖੰਡਨ ਕੀਤਾ। ਤੀਜੇ ਪਾਤਿਸ਼ਾਹ ਨੇ ਇਹਨਾਂ ਦੀ ਸੰਸਕ੍ਰਿਤੀ ਵਿਚਲੀ ਸਤੀ ਪ੍ਰਥਾ ਦਾ ਵਿਰੋਧ ਕਰ ਕੇ ਇਸ ਨੂੰ ਖ਼ਤਮ ਕੀਤਾ। ਸ੍ਰੀ ਦਸਮੇਸ਼ ਪਿਤਾ ਜੀ ਨੇ ਖ਼ਾਲਸਾ ਪ੍ਰਗਟ ਕਰ ਕੇ ਸਰੀਰਕ ਰੂਪ ਤੋਂ ਵੀ ਸਿੱਖਾਂ ਨੂੰ ਸਨਾਤਨ ਸੰਸਕ੍ਰਿਤੀ ਤੋਂ ਵੱਖ ਕੀਤਾ।


ਖ਼ਾਲਸੇ ਪ੍ਰਗਟ ਕਰਨ ਦਾ ਉਦੇਸ਼ ਇਹਨਾਂ ਦੀ ਸੰਸਕ੍ਰਿਤੀ ਵਿਚਲੀ ਚੱਲੀ ਆ ਰਹੀ ਵਰਣ ਵੰਡ ਦੀ ਪ੍ਰਥਾ ਨੂੰ ਖ਼ਤਮ ਕਰਨਾ ਸੀ। ਤੇ ਇਹ ਵੀ ਸੀ ਕਿ ਖ਼ਾਲਸਾ ਕਿਸੇ ਵੀ ਧਾਰਮਿਕ ਜਾਂ ਸੱਭਿਆਚਾਰਕ ਬੰਧਨ ਵਿੱਚ ਬੰਨ੍ਹਿਆ ਹੋਇਆ ਨਹੀਂ ਹੈ।

ਖ਼ਾਲਸਾ ਇੱਕ Humanity and spritual freedom ਦੀ ਇੱਕ ਨਵੀਂ ਦਿਸ਼ਾ ਹੈ। ਖ਼ਾਲਸੇ ਦਾ ਉਦੇਸ਼ ਸੀ ਧਰਮ ਤੇ ਸਮਾਜ ਦੀ ਰੱਖਿਆ ਕਰਨਾ ਤੇ ਤੁਸੀਂ ਆਪਣੇ ਵੀਜਿਆਂ ਖ਼ਾਤਰ ਧਰਮ ਤੇ ਆਪਣਾ ਸਮਾਜ ਸਭ ਛਿੱਕੇ ਟੰਗ ਕੇ ਫਿਰ ਇਹਨਾਂ ਦੀ ਈਨ ਮੰਨਣ ਲੱਗ ਗਏ।




ਉਹਨਾਂ ਲੋਕਾਂ ਨੂੰ ਜਵਾਬ ਕਿ ਜੇ ਤੁਸੀਂ ਇਹਨਾਂ ਦਾ ਹੀ ਹਿੱਸਾ ਹੋ ਤਾਂ ਫਿਰ ਬ੍ਰਾਹਮਣ ਦੀ ਵਰਣ ਵੰਡ ਅਨੁਸਾਰ ਤਾਂ ਤੁਸੀਂ ਸ਼ੂਦਰ ਹੋ ਤੇ ਤੁਹਾਨੂੰ ਤਾਂ ਗਿਆਨ ਹਾਸਲ ਕਰਨ ਦੀ ਇਜਾਜ਼ਤ ਹੀ ਨਹੀਂ, ਫਿਰ ਤੁਸੀਂ ਵਿਦਵਾਨ ਕਿਵੇਂ ਬਣ ਗਏ? ਤੇ ਹੋਰ ਵੀ ਬਾਕੀ ਅਧਿਕਾਰ ਜੋ ਤੁਹਾਨੂੰ ਹੈ ਨਹੀਂ, ਜਿਹਨਾਂ ਦਾ ਲਾਹਾ ਤੁਸੀਂ ਵਿਦੇਸ਼ਾਂ ਵਿੱਚ ਜਾਂ ਪੰਜਾਬ ਵਿੱਚ ਸਿੱਖ ਬਣ ਕੇ ਲੈ ਰਹੇ ਹੋ, ਉਹ ਤੇ ਤੁਹਾਡੇ ਅਧਿਕਾਰ ਖੇਤਰ ਤੋਂ ਬਾਹਰ ਹਨ। ਫਿਰ ਉਹ ਵੀ ਤਿਆਗ ਕੇ ਲੱਗ ਜਾਓ ਬ੍ਰਾਹਮਣ ਦੀ ਸੇਵਾ ਵਿੱਚ।

'ਸਾਵਰਕਰ' ਵੀ ਤੁਹਾਡੇ ਵਾਂਗ ਹੀ ਬੇਬੁਨਿਆਦ ਤੱਥ ਦੇ ਕੇ ਸਿੱਖਾਂ ਨੂੰ ਹਿੰਦੂ ਸਾਬਿਤ ਕਰਨ 'ਤੇ ਲੱਗਾ ਸੀ। 'ਵਿਨਾਇਕ ਦਮੋਦਰ ਸਾਵਰਕਰ' ਨੇ ਆਪਣੀ ਕਿਤਾਬ Who is A Hindu 'ਚ ਤੁਹਾਡੇ ਵਰਗੇ ਹੀ ਬੇਬੁਨਿਆਦ ਤਰਕ ਦਿੱਤੇ ਹਨ, ਜਿਸ ਤੋਂ ਮੈਨੂੰ ਸ਼ੱਕ ਪੈਦਾ ਹੁੰਦਾ ਕਿ ਤੁਸੀਂ ਉਹੀ ਰਟੇ-ਰਟਾਏ ਤੋਤੇ ਦੀ ਤਰ੍ਹਾਂ ਬੋਲ ਰਹੇ ਹੋ ਤੇ ਤੁਸੀਂ ਵੀ ਆਰ.ਐਸ.ਐਸ. ਦੇ ਹੀ ਪਾਲਤੂ ਹੋ। ਉਹ ਵੀ ਆਪਣੀ ਕਿਤਾਬ 'ਚ ਲਿਖਦਾ ਹੈ ਕਿ ਸਿੱਖ ਧਰਮ ਵੀ ਹਿੰਦੂ ਧਰਮ ਦਾ ਹੀ ਅੰਗ ਹੈ। ਸਿੱਖਾਂ ਦੀ ਪਛਾਣ ਨੂੰ ਤਿੰਨ ਬੇਸਿਕ ਪੈਰਾਮੀਟਰ 'ਤੇ ਪਰਖਿਆ ਜਾ ਸਕਦਾ ਹੈ; ਜ਼ਮੀਨ, ਖ਼ੂਨ ਤੇ ਸੱਭਿਆਚਾਰ। ਉਹ ਕਹਿੰਦਾ ਕਿ ਸਿੱਖਾਂ ਦੀ ਜਨਮ ਭੂਮੀ ਪੰਜਾਬ ਭਾਰਤ ਦਾ ਹੀ ਹਿੱਸਾ ਹੈ, ਦੂਜਾ ਉਹ ਕਹਿੰਦਾ ਸੀ ਕਿ ਸਿੱਖ ਉਹਨਾਂ ਹੀ ਵੈਦਿਕ ਜਾਤੀਆਂ ਦੇ ਵੰਸ਼ਜ ਹਨ ਜਿਹਨਾਂ ਤੋਂ ਹਿੰਦੂ ਜਾਤੀਆਂ ਦੀ ਪ੍ਰੰਪਰਾ ਚਲੀ ਆ ਰਹੀ ਹੈ। ਉਹ ਕਹਿੰਦਾ ਕਿ ਸਿੱਖਾਂ ਤੇ ਹਿੰਦੂਆਂ ਵਿੱਚ ਖ਼ੂਨ ਦਾ ਕੋਈ ਭੇਦ ਨਹੀਂ। ਇਹਨਾਂ ਦੀਆਂ ਜੜ੍ਹਾਂ ਇੱਕ ਸੱਭਿਆਚਾਰਕ ਪਿਛੋਕੜ ਵਿੱਚੋਂ ਹਨ। ਅੱਗੇ ਉਹ ਕਹਿੰਦਾ ਹੈ ਕਿ ਸਿੱਖਾਂ ਵਿੱਚ ਜੋ ਵੀ ਬਦਲਾਓ ਹਨ ਉਹ ਬਾਹਰੀ ਬਦਲਾਅ ਹਨ ਜਿਸ ਨਾਲ ਇਹਨਾਂ ਦੀ ਪਛਾਣ ਨਹੀਂ ਬਦਲ ਜਾਂਦੀ। ਤੀਜਾ ਤਰਕ ਸੀ ਕਿ ਸੰਸਕ੍ਰਿਤੀ; ਉਹ ਕਹਿੰਦਾ ਸੀ ਕਿ ਸਿੱਖਾਂ ਤੇ ਹਿੰਦੂਆਂ ਦੇ ਤਿਓਹਾਰ ਇੱਕੋ ਜਿਹੇ ਹਨ, ਸਿੱਖ ਵੀ ਦਿਵਾਲੀ ਤੇ ਹੋਲੀ ਜਿਹੇ ਤਿਓਹਾਰ ਮਨਾਉਂਦੇ ਹਨ ਤੇ ਹਿੰਦੂ ਵੀ। ਗੁਰਮੁਖੀ ਤੇ ਸੰਸਕ੍ਰਿਤ ਭਾਸ਼ਾ ਵਿੱਚ ਵੀ ਸਮਾਨਤਾ ਹੈ।



ਸਾਵਰਕਰ ਦੀ ਕਿਤਾਬ Who is A Hindu ਦਾ ਟਾਈਟਲ ਪੇਜ਼

ਸਾਵਰਕਰ ਤੇ ਤੁਹਾਨੂੰ ਆਰ.ਐਸ.ਐਸ. ਦੇ ਪਾਲਤੂਆਂ ਨੂੰ ਗੁਰਬਾਣੀ ਦਾ ਜਵਾਬ ਸਾਰੇ ਗੁਰੂ ਸਾਹਿਬਾਨਾਂ ਨੇ ਸਮਝਾਇਆ ਸੀ ਕਿ ਖ਼ੂਨ, ਜਮੀਨ ਤੇ ਸੱਭਿਆਚਾਰ, ਮਾਨਵਤਾ ਨੂੰ ਪ੍ਰਭਾਸ਼ਿਤ ਕਰਨ ਦਾ ਆਧਾਰ ਨਹੀਂ ਹੋ ਸਕਦਾ। ਗੁਰਬਾਣੀ ਵਿੱਚ ਥਾਂ-ਥਾਂ ਖ਼ੂਨ ਤੇ ਜਾਤੀ ਦਾ ਖੰਡਨ ਕੀਤਾ ਗਿਆ ਹੈ। ਉਹਨਾਂ ਨੇ ਹਰੇਕ ਇਨਸਾਨ ਨੂੰ ਇੱਕ ਹੀ ਜੋਤ ਦੱਸਿਆ। ਚਾਹੇ ਉਹ ਕਿਸੇ ਵੀ ਧਰਮ ਜਾਂ ਜਾਤ ਨਾਲ ਸੰਬੰਧ ਰੱਖਦਾ ਹੋਵੇ।

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥

ਜਿਸ ਦਾ ਭਾਵ ਹੈ ਕਿ ਕਿਸੇ ਦੀ ਜਾਤੀ ਨਾ ਪੁੱਛੋ, ਸਭ ਵਿੱਚ ਇੱਕ ਹੀ ਜੋਤ ਹੈ, ਪਰਲੋਕ ਵਿੱਚ ਜਾਤੀ ਦਾ ਕੋਈ ਮਤਲਬ ਨਹੀਂ ਹੈ।

ਸਾਵਰਕਰ ਅਤੇ ਤੁਹਾਡੇ ਦੂਜੇ ਤਰਕਾਂ ਦਾ ਜਵਾਬ ਸਿੱਖ ਧਰਮ ਦੇ ਵਿੱਚ ਕਿਸੇ ਵੀ ਜਮੀਨ ਦੇ ਇੱਕ ਟੁਕੜੇ ਦਾ ਮਹੱਤਵ ਨਹੀਂ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਤਹਿਤ ਗੁਰਮਤਿ ਸੰਦੇਸ਼ ਦੂਰ ਦੂਰ ਤੱਕ ਪਹੁੰਚਾਇਆ ਕਿ ਧਰਮ ਦੀ ਕੋਈ geographical boundaries ਨਹੀਂ ਹੁੰਦੀਆਂ। ਗੁਰੂ ਨਾਨਕ ਦੇਵ ਜੀ ਨੇ ਭਾਰਤ ਤੋਂ ਇਲਾਵਾ ਮੱਕਾ, ਬਗਦਾਦ, ਭੂਟਾਨ, ਤਿੱਬਤ ਵਰਗੀਆਂ ਥਾਂਵਾਂ ਦੀ ਯਾਤਰਾ ਕੀਤੀ ਜੋ ਦਰਸਾਉਂਦਾ ਕਿ ਸਿੱਖ ਧਰਮ ਦੇ ਮੋਢੀ ਨੇ ਇਸ ਧਰਮ ਨੂੰ ਕਿਸੇ ਹੱਦ-ਸਰਹੱਦ ਤੱਕ ਸੀਮਤ ਨਹੀਂ ਕੀਤਾ।

ਤੀਜੇ ਤਰਕ ਦਾ ਜਵਾਬ, ਗੁਰਬਾਣੀ ਹਮੇਸ਼ਾਂ



ਜਬ ਲਗ ਖਾਲਸਾ ਰਹੇ ਨਿਆਰਾ, ਤਬ ਲਗ ਤੇਜ ਦੀਓ ਮੈ ਸਾਰਾ

ਸੰਸਕ੍ਰਿਤੀ ਤੋਂ ਉੱਪਰ ਉੱਠਣ ਦਾ ਸੰਦੇਸ਼ ਦਿੰਦੀ ਹੈ। ਗੁਰੂ ਸਾਹਿਬਾਨਾਂ ਨੇ ਇਹੋ ਹੀ ਸਿਖਾਇਆ ਕਿ ਕੇਵਲ ਧਾਰਮਿਕ ਤੇ ਸੰਸਕ੍ਰਿਤ ਪ੍ਰੰਪਰਾਵਾਂ ਦਾ ਪਾਲਣ ਕਰਨ ਨਾਲ ਹੀ ਮੁਕਤੀ ਨਹੀਂ ਮਿਲਦੀ, ਬਲਕਿ ਸਿੱਖ ਧਰਮ ਦਾ ਆਧਾਰ ਭਗਤੀ, ਸੇਵਾ ਤੇ ਸੱਚ ਦੀ ਭਾਲ ਹੈ। ਪੰਜਵੇਂ ਨਾਨਕ ਜੀ ਦਾ ਬਚਨ ਹੈ। ''ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥''

ਦਸਮੇਸ਼ ਜੀ ਦੇ ਬਚਨ ''ਜਬ ਲਗ ਖਾਲਸਾ ਰਹੇ ਨਿਆਰਾ, ਤਬ ਲਗ ਤੇਜ ਦੀਓ ਮੈ ਸਾਰਾ''। ਤੁਸੀਂ ਤਾਂ ਫਿਰ ਸਾਵਰਕਰ ਦੀ ਬੁੱਕਲ 'ਚ ਜਾ ਵੜੇ ਤੇ ਭਾਲ਼ਦੇ ਆਪਣੇ ਪਰਿਵਾਰ ਦੀ ਚੜ੍ਹਦੀ ਕਲਾ। ਤਾਂ ਹੀ ਤੇ ਤੁਹਾਨੂੰ ਚੈਨ ਨਹੀਂ। ਅਹੁਦੇ ਵੀ ਮਿਲ ਗਏ, ਪੈਸਾ-ਧੇਲਾ ਵੀ ਆ ਗਿਆ ਪਰ ਡਰ ਫਿਰ ਵੀ ਤੁਹਾਡੇ ਅੰਦਰੋਂ ਨਹੀਂ ਗਿਆ ਕਿਉਂ ਜੋ ਤੁਸੀਂ ਬਿਪਰਨ ਦੀ ਗੋਦ ਵਿੱਚ ਬੈਠ ਗਏ ਤੇ ਗੁਰੂ ਨੇ ਤੁਹਾਡੀ ਪ੍ਰਤੀਤ ਕਰਨੀ ਛੱਡ ਦਿੱਤੀ। ''ਜਬ ਇਹ ਗਹੈਂ ਬਿਪਰਨ ਕੀ ਰੀਤ ਮੈ ਨਾ ਕਰੋਂ ਇਨ ਕੀ ਪ੍ਰਤੀਤ।''


ਤੁਹਾਨੂੰ ਲੱਗਦਾ ਕਿ ਪੰਜ ਪਿਆਰੇ ਆਪ ਚਲ ਕੇ ਆਏ ਸਨ। ਤੇ ਇੱਕ ਅਵਾਣ ਮਗਰੋਂ ਉੱਠ ਕੇ ਸਿਰ ਦੇਣ ਲਈ ਰਾਜੀ ਹੋਏ। ਪਰ ਅਸਲ ਗੱਲ ਇਸ ਤੋਂ ਅਲੱਗ ਹੈ। ਗੁਰੂ ਦਸਮੇਸ਼ ਜੀ ਨੇ ਉਹਨਾਂ ਨੂੰ ਅਲੱਗ ਅਲੱਗ ਵਰਣਾਂ, ਹੱਦਾਂ ਤੋਂ ਆਪਣਾ ਮਿਹਰ ਭਰਿਆ ਹੱਥ ਰੱਖ ਕੇ ਸੱਦਿਆ। ਸਿਰਫ਼ ਇਹ ਦੱਸਣ ਲਈ ਕਿ ਖ਼ਾਲਸਾ ਪੰਥ ਜਾਤ-ਪਾਤ ਤੇ ਹੱਦਾਂ-ਸਰਹੱਦਾਂ ਤੋਂ ਉੱਪਰ ਹੈ।

''ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥''

ਭਾਵ ਕਿ ਜੇ ਪ੍ਰੇਮ ਦੀ ਖੇਡ ਵਿੱਚ ਆਉਣਾ ਹੈ ਤਾਂ ਸਿਰ ਤਲੀ ਤੇ ਧਰਕੇ ਆਉਣਾ ਪੈਣਾ। ਖ਼ਾਲਸਾ ਪੰਥ ਦਾ ਨਿਰਮਾਣ ਇਸ ਗੱਲ ਦਾ ਸਬੂਤ ਸੀ ਕਿ ਸਿੱਖ ਧਰਮ ਸਿਰਫ਼ ਇੱਕ ਧਰਮ ਨਹੀਂ ਬਲਕਿ ਇੱਕ ਰਾਜਨੀਤਿਕ ਤਾਕਤ ਵੀ ਹੈ, ਜੋ ਗਵਰਨੈਂਸ ਤੇ ਧਾਰਮਿਕ ਆਜ਼ਾਦੀ ਲਈ ਸੰਘਰਸ਼ ਕਰੇ।

ਅੱਜ ਤੁਸੀਂ ਰਾਜਨੀਤਿਕ ਕਮਜ਼ੋਰ ਤਾਂ ਹੋ ਹੀ ਗਏ ਹੋ, ਨਾਲ ਦੀ ਨਾਲ ਧਾਰਮਿਕ ਅਜ਼ਾਦੀ ਵੀ ਤੁਹਾਡੇ ਹੱਥ ਨਹੀਂ ਰਹੀ। ਜਦੋਂ ਚਾਹੁਣ ਅਗਲੇ ਤੁਹਾਡੇ ਕੋਲੋਂ ਗ੍ਰੰਥਾਂ ਤੇ ਧਾਰਮਿਕ ਖਰੜਿਆਂ 'ਤੇ ਲੜਾਈਆਂ ਕਰਵਾ ਲੈਂਦੇ ਨੇ। ਤੇ ਤੁਸੀਂ ਮੰਦਬੁੱਧੀ ਇੱਕ ਦੂਜੇ ਦੀਆਂ ਪੱਗਾਂ ਲਾਹ ਕੇ ਗੁਰੂ ਘਰਾਂ ਵਿੱਚ ਵਿਦਵਾਨਤਾ ਸਾਬਿਤ ਕਰਦੇ ਹੋ। ਤੇ ਜਦੋਂ ਭਾਰਤ ਦਾ ਬਹੁਗਿਣਤੀ ਹਿੰਦੂ ਕਹੇ, ਤੁਸੀਂ ਸਾਡਾ ਹਿੱਸਾ ਨਹੀਂ ਤੇ ਤੁਸੀਂ ਤਰਲੋਮੱਛੀ ਹੁੰਦੇ ਹੋ ਇਹ ਸਾਬਿਤ ਕਰਨ ਲਈ ਕਿ ਅਸੀਂ ਤਾਂ ਹਿੰਦੂ ਹੀ ਹਾਂ ਤੇ ਆਪਣੇ ਲੇਖ ਤੇ ਵੀਡੀਉਜ਼ ਪਾ-ਪਾ ਕੇ ਆਪਣੀ ਅਕਲ ਦਾ ਜਨਾਜ਼ਾ ਕਢਵਾਈ ਜਾਨੇ ਹੋ। ਜਿਹੜੇ ਤਾਂ ਅਨਜਾਣਪੁਣੇ 'ਚ ਕਰੀ ਜਾਂਦੇ, ਉਹਨਾਂ ਨੂੰ ਤਾਂ ਪੰਥ ਕਿਸੇ ਵੇਲੇ ਮੁਆਫ਼ ਕਰ ਵੀ ਦੇਵੇਗਾ ਪਰ ਜਿਹੜੇ ਸਾਵਰਕਰ ਦੇ ਰਟੇ-ਰਟਾਏ ਤੱਥ ਪੇਸ਼ ਕਰ ਕੇ ਸਾਬਿਤ ਕਰਨ 'ਤੇ ਲੱਗੇ ਨੇ ਉਹਨਾਂ ਦੀਆਂ ਪੀੜ੍ਹੀਆਂ ਨੂੰ ਵੀ ਪੰਥ ਦਾ ਮਿਹਣਾ ਸਹਿਣਾ ਪੈਣਾ।

ਖ਼ਾਲਸੇ ਦਾ ਰਾਜ ਜੋ ਭਾਰਤ ਦੀਆਂ ਹੱਦਾਂ ਤੋਂ ਬਾਹਰ ਚਾਈਨਾ ਤਕ ਸੀ ਤੇ ਦੂਜੇ ਪਾਸੇ ਅਫ਼ਗਾਨਿਸਤਾਨ ਦੇ ਧੁਰ ਅੰਦਰ ਤੱਕ ਸੀ। ਉਸ ਰਾਜ ਦੇ ਮਹਾਰਾਜੇ ਨੇ ਵੀ ਆਪਣੇ ਰਾਜ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਨਾਂ ਦੇ ਸਿੱਕੇ ਚਲਾ ਕੇ ਇਹ ਸਾਬਿਤ ਕਰ ਦਿੱਤਾ ਕਿ ਸਿੱਖਾਂ ਦਾ ਰਾਜ ਵੀ ਹਿੰਦੂ ਰਾਜਨੀਤੀ ਤੋਂ ਸੁਤੰਤਰ ਹੈ। ਇਹ ਵੀ ਸਾਬਿਤ ਹੋਇਆ ਕਿ ਸਿੱਖਾਂ ਦਾ ਕਲਚਰ ਵੀ ਅਲੱਗ ਹੈ।




ਕਈ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਅਧਾਰ ਬਣਾ ਕੇ ਕਹਿ ਰਹੇ ਹਨ ਕਿ ਗੁਰਬਾਣੀ ਵਿੱਚ ਆਏ ਰਾਮ, ਕ੍ਰਿਸ਼ਨ ਤੇ ਹੋਰ ਅਨੇਕਾਂ ਦੇਵੀ ਦੇਵਤਿਆਂ ਦੇ ਨਾਂ ਇਹ ਸਿੱਧ ਕਰਦੇ ਹਨ ਕਿ ਸਿੱਖ ਹਿੰਦੂ ਧਰਮ ਦਾ ਹੀ ਹਿੱਸਾ ਹੈ। ਉਹ ਦਾਅਵਾ ਕਰਦੇ ਹਨ ਕਿ ਜੇ ਗੁਰੂ ਸਾਹਿਬਾਨਾਂ ਨੇ ਇਹਨਾਂ ਨਾਂਵਾਂ ਦੀ ਚੋਣ ਕਰ ਕੇ ਕੋਈ ਅੰਤਰ ਨਹੀਂ ਕੀਤਾ ਤਾਂ ਅੰਤਰ ਹੈ ਵੀ ਨਹੀਂ।

ਗੁਰਬਾਣੀ ਵਿੱਚ ਇਹਨਾਂ ਨਾਵਾਂ ਦਾ ਇਸਤੇਮਾਲ ਸਿਰਫ symbolic reference ਲਈ ਕੀਤਾ ਜਾਂਦਾ ਹੈ। ਗੁਰੂ ਸਾਹਿਬਾਨਾਂ ਨੇ ਇਹਨਾਂ ਦੇਵੀ-ਦੇਵਤਿਆਂ ਦੀਆਂ ਕਥਾਵਾਂ ਨੂੰ ਅਲੱਗ ਦ੍ਰਿਸ਼ਟੀਕੋਣ ਤੋਂ ਲਿਖਿਆ ਹੈ ਤਾਂ ਜੋ ਉਹਨਾਂ ਦੀਆਂ ਸੀਮਾਵਾਂ ਨੂੰ ਉਜਾਗਰ ਕੀਤਾ ਜਾ ਸਕੇ ਤੇ ਇਹ ਸਮਝਾਇਆ ਜਾ ਸਕੇ ਕਿ ਸੱਚ ਤੇ ਉਸ ਰੱਬ ਦੀ ਭਗਤੀ ਇਹਨਾਂ ਧਾਰਮਿਕ ਵਿਭਾਜਨਾ ਤੋਂ ਪਰੇ ਹੈ।

ਦਸਮੇਸ਼ ਪਿਤਾ ਜੀ ਨੇ ਵੀ ਆਪਣੀ ਬਾਣੀ ਵਿੱਚ ਵਿਸ਼ਨੂੰ ਜੀ ਦੇ ਚਉਬੀਸ ਅਵਤਾਰਾਂ ਦੀ ਕਥਾ ਲਿਖੀ। ਜਿਸ ਵਿੱਚ ਉਹਨਾਂ ਨੇ ਵਿਸ਼ਨੂੰ ਜੀ ਦੇ ਅਵਤਾਰ ਸ੍ਰੀ ਕ੍ਰਿਸ਼ਨ ਜੀ ਦੀ ਕਥਾ ਲਿਖਦੇ ਸਮੇਂ ਉਹਨਾਂ ਦਾ ਯੁੱਧ ਖੜਗ ਸਿੰਘ ਨਾਲ ਕਰਵਾਇਆ ਤੇ ਖੜਗ ਸਿੰਘ ਹੱਥੋਂ ਕ੍ਰਿਸਨ ਜੀ ਨੂੰ ਬਾਰ-ਬਾਰ ਹਾਰਦੇ ਹੋਏ ਵਿਖਾਇਆ ਗਿਆ। ਤੇ ਅੰਤ ਸਮੇਂ ਵੀ ਕ੍ਰਿਸ਼ਨ, ਖੜਗ ਸਿੰਘ ਨੂੰ ਹਰਾ ਨਹੀਂ ਸਕਿਆ। ਤੇ ਉਹ ਆਪਣੀ ਇੱਛਾ ਨਾਲ ਦੇਹੀ ਛੱਡਦਾ ਹੈ। ਕ੍ਰਿਸ਼ਨ ਜੀ ਉਥੇ ਵੀ ਉਸ ਦਾ ਕੁੱਝ ਨਹੀਂ ਵਿਗਾੜ ਪਾਉਂਦੇ।

ਇੱਥੇ ਇਸ ਕਹਾਣੀ ਵਿੱਚ ਸ੍ਰੀ ਦਸਮੇਸ਼ ਜੀ ਨੇ ਇਹ ਦੱਸਿਆ ਕਿ ਸਿੱਖੀ ਵਿੱਚ ਉਹਨਾਂ ਗੁਣਾਂ ਦਾ ਆਦਰ ਹੈ ਜੋ ਸੱਚ, ਕਰੁਣਾ ਤੇ ਮਾਨਵਤਾ ਦੇ ਵਿਕਾਸ ਲਈ ਜ਼ਰੂਰੀ ਹੈ। ਕਿਸੇ ਵੀ ਦੇਵੀ-ਦੇਵਤਾ ਦਾ ਸਿੱਖ ਧਰਮ ਵਿੱਚ ਕੋਈ ਖ਼ਾਸ ਸਥਾਨ ਨਹੀਂ ਹੈ।

ਪਹਿਲਾਂ ਹੀ ਉਦਾਹਰਣਾਂ ਨਾਲ ਲੇਖ ਬਹੁਤ ਲੰਮਾ ਹੋ ਗਿਆ ਜੇ ਹੋਰ ਲਿਖਣ ਲੱਗ ਗਿਆ ਤਾਂ ਇਹ ਕਿਤਾਬੀ ਰੂਪ ਵਿੱਚ ਆ ਜਾਣਾ। ਇਹ ਸਿੱਖ ਸੰਗਤਾਂ ਨੂੰ ਫ਼ੈਸਲਾ ਕਰਨਾ ਪੈਣਾ ਕਿ ਇਹ ਜਿਹੜੇ ਪ੍ਰਧਾਨ ਤੇ ਕਮੇਟੀਆਂ ਦੇ ਮੈਂਬਰ ਪਹਿਲਾਂ ਪੰਥ ਹਿਤੈਸ਼ੀ ਬਣ ਕੇ ਗੁਰੂ ਘਰਾਂ 'ਤੇ ਕਾਬਜ਼ ਹੋਏ ਤੇ ਅੱਜ ਜ਼ਰਾ ਜਿੰਨੀ ਗੱਲ 'ਤੇ ਭਾਰਤੀ ਮੀਡੀਏ ਦੇ ਝੂਠ ਦੇ ਪੁਲੰਦੇ 'ਤੇ ਆਪਣੀਆਂ ਸਫ਼ਾਈਆਂ ਦੇਣੀਆਂ ਸ਼ੁਰੂ ਕਰ ਦਿੰਦੇ ਨੇ, ਜਿਸ ਨਾਲ ਸਿੱਖੀ ਕਦਰਾਂ-ਕੀਮਤਾ ਨੂੰ ਢਾਹ ਲੱਗਦੀ ਹੈ; ਇਹਨਾਂ ਨੂੰ ਚੁਣ-ਚੁਣ ਕੇ ਗੁਰੂ ਘਰਾਂ ਤੋਂ ਬਾਹਰ ਦਾ ਰਸਤਾ ਵਿਖਾਉਣਾ ਚਾਹੀਦਾ। ਜਿਹੜੇ ਪ੍ਰਧਾਨ ਜਾਂ ਕਿਸੇ ਮੈਂਬਰ ਦੀ ਵੀਡੀਓ ਜਾਂ ਲੇਖ ਵਿੱਚ ਸਿੱਖਾਂ ਨੂੰ ਹਿੰਦੂ ਸਾਬਿਤ ਕਰਨ ਲਈ ਹਵਾਲੇ ਦਿੱਤੇ ਹੋਣ, ਸਮਝੋ ਪੱਕਾ ਹੈ ਕਿ ਉਹ ਆਰ.ਐਸ.ਐਸ. ਦਾ ਬੰਦਾ ਹੈ ਤੇ ਸਾਵਰਕਰ ਦੇ ਹਵਾਲੇ ਰਟੇ-ਰਟਾਏ ਬੋਲੀ ਜਾ ਰਿਹਾ।

* * * *



– ਰਣਜੀਤ ਸਿੰਘ ਦਮਦਮੀ ਟਕਸਾਲ
(ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ)

# ਅੱਤਵਾਦੀ ਕੌਣ

## ਸੰਤ ਭਿੰਡਰਾਂਵਾਲੇ ਜਾਂ ਹਿੰਦ ਸਰਕਾਰ ?


ਅਮਰ ਸ਼ਹੀਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ੇ ਵੀਹਵੀਂ ਸਦੀ ਦੇ ਮਹਾਨ ਸਿੱਖ ਅਤੇ ਖ਼ਾਲਸਾ ਪੰਥ ਦੇ ਮਹਾਂਨਾਇਕ ਹਨ। ਪਰ ਭਾਰਤ ਸਰਕਾਰ, ਨੈਸ਼ਨਲ ਮੀਡੀਆ ਅਤੇ ਫ਼ਿਰਕੂ ਹਿੰਦੂਤਵੀਆਂ ਵੱਲੋਂ ਉਹਨਾਂ ਨੂੰ ਅੱਤਵਾਦੀ ਕਹਿ ਕੇ ਨਿੰਦਿਆ ਜਾਂਦਾ ਹੈ। ਸਰਕਾਰ ਵੱਲੋਂ ਸੰਤ ਭਿੰਡਰਾਂਵਾਲ਼ਿਆਂ ਉੱਤੇ ਲਾਏ ਜਾਂਦੇ ਇਲਜ਼ਾਮ ਬਿਲਕੁਲ ਨਿਰਅਧਾਰ ਹਨ। ਹੁਣ ਤਾਂ ਆਰ.ਟੀ.ਆਈ. ਰਾਹੀਂ ਵੀ ਇਹ ਖੁਲਾਸਾ ਹੋ ਚੁੱਕਾ ਹੈ ਕਿ ਸੰਤ ਭਿੰਡਰਾਂਵਾਲ਼ਿਆਂ ਉੱਤੇ ਕੋਈ ਕੇਸ ਦਰਜ ਨਹੀਂ ਸੀ, ਨਾ ਹੀ ਉਹ ਕਿਸੇ ਅਦਾਲਤ ਨੂੰ ਲੋੜੀਂਦੇ ਸਨ। ਫਿਰ ਉਹ ਭਗੌੜੇ ਜਾਂ ਅੱਤਵਾਦੀ ਕਿਵੇਂ ਹੋਏ ?

ਸਰਕਾਰ ਅਤੇ ਹਿੰਦੂਤਵੀਏ ਝੂਠ ਬੋਲਦੇ ਹਨ ਕਿ ਸੰਤ ਭਿੰਡਰਾਂਵਾਲ਼ੇ ਅਤੇ ਉਹਨਾਂ ਦੇ ਸਾਥੀ ਅੱਤਵਾਦੀ ਸਨ ਤੇ ਉਹਨਾਂ ਨੂੰ ਸ੍ਰੀ ਦਰਬਾਰ ਸਾਹਿਬ ’ਚੋਂ ਬਾਹਰ ਕੱਢਣ ਜਾਂ ਗ੍ਰਿਫ਼ਤਾਰ ਕਰਨ ਲਈ ਹਮਲਾ ਕਰਨਾ ਪਿਆ। ਸੰਤ ਜੀ ਨੂੰ ਅੱਤਵਾਦੀ ਕਹਿ ਕੇ ਗ੍ਰਿਫ਼ਤਾਰ ਕਰਨ ਜਾਂ ਮਾਰਨ ਦਾ ਸਿਰਫ਼ ਬਹਾਨਾ ਘੜਿਆ ਜਾਂਦਾ ਹੈ ਜਦ ਕਿ ਲਾਲਾ ਜਗਤ ਨਰਾਇਣ ਦੇ ਕਤਲ ਕੇਸ ਵਿੱਚ ਸੰਤ ਭਿੰਡਰਾਂਵਾਲਿਆਂ ਨੂੰ ਜਦੋਂ ਵਰੰਟ ਜਾਰੀ ਹੋਏ ਸਨ ਤਾਂ ਸੰਤਾਂ ਨੇ 20 ਸਤੰਬਰ 1981 ਨੂੰ ਖ਼ੁਦ ਮਹਿਤੇ ਤੋਂ ਗ੍ਰਿਫ਼ਤਾਰੀ ਦਿੱਤੀ ਸੀ।

ਜਦੋਂ 29 ਅਪ੍ਰੈਲ 1984 ਨੂੰ ਚੰਡੀਗੜ੍ਹ ਵਿਖੇ ਪ੍ਰੈੱਸ ਕਾਨਫ਼ਰੰਸ ਦੌਰਾਨ ਪੱਤਰਕਾਰਾਂ ਨੇ ਰਾਜੀਵ ਗਾਂਧੀ ਤੋਂ ਪੁੱਛਿਆ ਕਿ ‘ਕੀ ਸੰਤ ਭਿੰਡਰਾਂਵਾਲ਼ੇ ਅੱਤਵਾਦੀ ਹਨ।’ ਤਾਂ ਉਸਨੇ ਜਵਾਬ ਦਿੱਤਾ ਕਿ ‘ਤੁਸੀਂ ਆਪ ਹੀ ਜਾਂਚ ਲਵੋ।’ ਫਿਰ ਪੱਤਰਕਾਰਾਂ ਨੇ ਪੁੱਛਿਆ ਕਿ ‘ਤੁਹਾਡੇ ਖ਼ਿਆਲ ਵਿੱਚ ਸੰਤ ਭਿੰਡਰਾਂਵਾਲ਼ੇ ਇੱਕ ਰਾਜਸੀ ਨੇਤਾ ਹਨ ?’ ਤਾਂ ਰਾਜੀਵ ਨੇ ਜਵਾਬ ਦਿੱਤਾ ਕਿ ‘ਉਹ ਇੱਕ ਧਾਰਮਿਕ ਨੇਤਾ ਹਨ ਤੇ ਉਹਨਾਂ ਨੇ ਹੁਣ ਤਕ ਕੋਈ ਰਾਜਸੀ ਝੁਕਾਅ ਪ੍ਰਗਟ ਨਹੀਂ ਕੀਤਾ।’ ਹੁਣ ਸੋਚਣ ਤੇ ਵਿਚਾਰਨ ਵਾਲ਼ੀ ਗੱਲ ਇਹ ਹੈ ਕਿ ਸਿਰਫ਼ ਇੱਕ ਮਹੀਨੇ ਬਾਅਦ ਹੀ ਧਾਰਮਿਕ ਨੇਤਾ ਤੋਂ ਸੰਤ ਜੀ ਨੂੰ ਅੱਤਵਾਦੀ ਕਹਿ ਕੇ ਮਾਰਨ ਲਈ ਦਰਬਾਰ ਸਾਹਿਬ ’ਤੇ ਹਮਲਾ ਕਿਉਂ ਕਰ ਦਿੱਤਾ ਗਿਆ!

31 ਦਸੰਬਰ 1983 ਦੇ ਇੰਡੀਆ ਟੂਡੇ ’ਚ ਅਰੁਣ ਸ਼ੋਰੀ ਲਿਖਦਾ ਹੈ ਕਿ “ਜਿੰਨਾ ਮੈਂ ਜਾਣਦਾ ਹਾਂ ਉਹ ਇਹ ਕਿ ਸੰਤ ਇੱਕ ਨਿਰਦੋਸ਼ ਆਦਮੀ ਹੈ ਤੇ ਆਪਣੇ ਧਰਮ ਅਤੇ ਗੁਰੂਆਂ ਦੇ ਦੱਸੇ ਰਸਤੇ ਨੂੰ ਸਮਰਪਿਤ ਹੈ।”

ਸ੍ਰੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸ. ਗੁਰਦੇਵ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਉੱਤੇ ਹਮਲੇ ਤੋਂ ਕਈ ਦਿਨ ਪਹਿਲਾਂ ਗਵਰਨਰ ਨੂੰ ਇਸ ਗੱਲ ਦਾ ਭਰੋਸਾ ਦਿੱਤਾ ਸੀ ਕਿ ਉਹ ਦਰਬਾਰ ਸਾਹਿਬ ’ਚੋਂ ਕਿਸੇ ਨੂੰ ਵੀ ਗ੍ਰਿਫ਼ਤਾਰ ਕਰਵਾ ਸਕਦਾ ਹੈ। ਦਰਬਾਰ ਸਾਹਿਬ ’ਤੇ ਹਮਲਾ ਨਾ ਕੀਤਾ ਜਾਵੇ ਪਰ ਉਸ ਦੀ ਕਿਸੇ ਨੇ ਗੱਲ ਨਾ ਸੁਣੀ, ਜਿਸ ਕਰਕੇ ਉਹਨਾਂ ਦੀ ਥਾਂ ਰਮੇਸ਼ ਇੰਦਰ ਸਿੰਘ ਨੂੰ ਡਿਪਟੀ ਕਮਿਸ਼ਨਰ ਲਾ ਦਿੱਤਾ ਗਿਆ ਤੇ ਹਮਲੇ ਲਈ ਦਸਖ਼ਤ ਕਰਵਾਏ ਗਏ। ਸ. ਗੁਰਦੇਵ ਸਿੰਘ ਨੇ ਇਹ ਵੀ



ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ

ਕਿਹਾ ਸੀ ਕਿ ‘ਸੰਤ ਭਿੰਡਰਾਂਵਾਲ਼ੇ ਅਤੇ ਉਹਨਾਂ ਦੇ ਯੋਧੇ ਹੱਥ ਖੜ੍ਹੇ ਨਹੀਂ ਕਰਨਗੇ।’

ਭਾਰਤੀ ਫ਼ੌਜ ਦੇ ਸਾਬਕਾ ਲੈਫ਼ਟੀਨੈਂਟ ਜਨਰਲ ਐੱਸ.ਕੇ. ਸਿਨਹਾ ਆਖਦੇ ਹਨ ਕਿ ‘ਜਦੋਂ ਇੰਦਰਾ ਗਾਂਧੀ ਨੇ ਸ੍ਰੀ ਦਰਬਾਰ ਸਾਹਿਬ ’ਤੇ ਹਮਲਾ ਕਰਨ ਬਾਰੇ ਮੇਰੀ ਰਾਏ ਪੁੱਛੀ ਤਾਂ ਮੈਂ ਇਸ ਫ਼ੈਸਲੇ ਨੂੰ ਗ਼ਲਤ ਕਰਾਰ ਦਿੰਦਿਆਂ ਸਖ਼ਤ ਵਿਰੋਧ ਕੀਤਾ ਸੀ ਜਿਸ ਕਾਰਨ ਮੇਰੀ ਤਰੱਕੀ ਰੁਕ ਗਈ ਤੇ ਅਰੁਣ ਸ੍ਰੀਧਰ ਵੈਦਿਆ ਨੂੰ ਚੀਫ਼ ਜਨਰਲ ਬਣਾ ਦਿੱਤਾ ਗਿਆ।’ ਜਨਰਲ ਸਿਨਹਾ ਦਾ ਕਹਿਣਾ ਹੈ ਕਿ ‘ਸ੍ਰੀ ਦਰਬਾਰ ਸਾਹਿਬ ’ਤੇ ਫ਼ੌਜੀ ਹਮਲਾ ਸਰਕਾਰ ਲਈ ਆਖ਼ਰੀ ਰਾਹ ਨਹੀਂ ਸੀ ਬਲਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤਾਂ ਕਈ ਮਹੀਨੇ ਪਹਿਲਾਂ ਤੋਂ ਹੀ ਤਿਆਰੀਆਂ ਵਿੱਚ ਜੁਟੀ ਹੋਈ ਸੀ, ਹਿਮਾਚਲ ਪ੍ਰਦੇਸ਼ ਚਕਰਾਤਾ ਦੇਹਰਾਦੂਨ ਵਿਖੇ ਸ੍ਰੀ ਦਰਬਾਰ ਸਾਹਿਬ ਦਾ ਮਾਡਲ ਬਣਾ ਕੇ ਫ਼ੌਜ ਨੂੰ ਸਿਖਲਾਈ ਦਿੱਤੀ ਜਾ ਰਹੀ ਸੀ ਤਾਂ ਜੋ ਦਰਬਾਰ ਸਾਹਿਬ ’ਤੇ ਹਮਲਾ ਪੂਰੀ ਵਿਉਂਤਬੰਦੀ ਨਾਲ਼ ਕੀਤਾ ਜਾ ਸਕੇ।

ਪੰਜਾਬ ਦੇ ਗਵਰਨਰ ਪਾਂਡੇ ਨੇ ਵੀ ਆਪਣੇ ਖ਼ਾਸ ਅਫ਼ਸਰਾਂ ਨਾਲ਼ ਮੀਟਿੰਗ ਕਰਕੇ ਇੰਦਰਾ ਗਾਂਧੀ ਨੂੰ ਚਿੱਠੀ ਲਿਖੀ ਕਿ ਦਰਬਾਰ ਸਾਹਿਬ ਫ਼ੌਜ ਨਾ ਭੇਜੀ ਜਾਵੇ ਅਤੇ ਨਾਲ਼ ਹੀ ਪੀ.ਸੀ. ਅਲੈਗਜ਼ੈਂਡਰ ਨੂੰ ਵੀ ਫ਼ੋਨ ਕਰਕੇ ਦੱਸਿਆ (ਜੋ ਇੰਦਰਾ ਗਾਂਧੀ ਦਾ ਖ਼ਾਸ ਸੀ) ਪਰ ਜਦੋਂ ਉਹਨਾਂ ਦੀ ਇਸ ਗੱਲ ਨੂੰ ਅਣਗੌਲਿਆਂ ਕੀਤਾ ਗਿਆ ਤਾਂ ਪਾਂਡੇ ਨੇ ਅਸਤੀਫ਼ਾ ਦੇ ਦਿੱਤਾ।

ਪ੍ਰੋਫ਼ੈਸਰ ਮਿਹਰ ਚੰਦ ਭਾਰਦਵਾਜ ਨੂੰ ਸਰਕਾਰ ਨੇ ਜਦੋਂ ਅਪ੍ਰੈਲ 1984 ਵਿੱਚ ਸ੍ਰੀ ਦਰਬਾਰ ਸਾਹਿਬ ਦੀ ਸਥਿਤੀ ਦਾ ਮੁਆਇਨਾ ਕਰਨ ਲਈ ਭੇਜਿਆ ਸੀ ਤਾਂ ਉਸ ਨੇ ਸਾਰੀ ਘੋਖ ਕਰਨ ਤੋਂ ਬਾਅਦ ਕਿਹਾ ਕਿ ‘ਦਰਬਾਰ ਸਾਹਿਬ ਅੰਦਰ ਕੋਈ ਅੱਤਵਾਦੀ ਨਹੀਂ ਹੈ।’ ਤੇ ਉਸ ਨੇ ਸਰਕਾਰ ਨੂੰ ਦਰਬਾਰ ਸਾਹਿਬ ’ਤੇ ਹਮਲਾ ਕਰਨ ਵਿਰੁੱਧ ਚਿਤਾਵਨੀ ਵੀ ਦਿੱਤੀ ਸੀ।

ਜੇਕਰ ਹਥਿਆਰ ਰੱਖਣ ਕਾਰਨ ਹੀ ਸੰਤ ਭਿੰਡਰਾਂਵਾਲ਼ਿਆਂ ਨੂੰ ਅੱਤਵਾਦੀ ਕਿਹਾ ਜਾਂਦਾ ਹੈ ਤਾਂ ਹਥਿਆਰ ਰੱਖਣੇ ਤਾਂ ਸਾਡੇ ਗੁਰੂ ਸਾਹਿਬਾਨਾਂ ਦਾ ਹੁਕਮ ਹੈ। ਛੇਵੇਂ ਪਾਤਸ਼ਾਹ ਨੇ ਚਾਰ ਅਤੇ ਦਸਵੇਂ ਪਾਤਸ਼ਾਹ ਨੇ ਜਬਰ-ਜ਼ੁਲਮ ਦੇ ਖ਼ਿਲਾਫ਼ ਚੌਦ੍ਹਾਂ ਜੰਗਾਂ ਲੜੀਆਂ। ਖ਼ਾਲਸਾ ਸੰਤ ਵੀ ਹੈ ਤੇ ਸਿਪਾਹੀ ਵੀ ਹੈ। ਖ਼ਾਲਸਾ ਸ਼ਸਤਰ ਅਤੇ ਸ਼ਾਸਤਰ ਦਾ ਧਾਰਨੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਾਡੇ ਗੁਰੂਆਂ, ਸ਼ਹੀਦਾਂ ਤੇ ਯੋਧਿਆਂ ਦੇ ਅੱਜ ਵੀ ਸ਼ਸਤਰ ਬੰਦੂਕਾਂ, ਕਿਰਪਾਨਾਂ, ਖੰਡੇ-ਚੱਕਰ ਆਦਿਕ ਸੁਭਾਇਮਾਨ ਹਨ। ਸਾਡਾ ਤਾਂ ਜਨਮ ਹੀ ਖੰਡੇ ਦੀ ਧਾਰ ’ਚੋਂ ਹੋਇਆ ਹੈ ਫਿਰ ਉਹਨਾਂ ਹਥਿਆਰਾਂ ਨੂੰ ਅਸੀਂ ਆਪਣੇ ਤੋਂ ਜੁਦਾ ਕਿਵੇਂ ਕਰ ਸਕਦੇ ਹਾਂ!

ਜੇ ਹਥਿਆਰਾਂ ਕਰਕੇ ਹੀ ਹਿੰਦੂ ਸਰਕਾਰ ਸੰਤਾਂ ਨੂੰ ਅੱਤਵਾਦੀ ਆਖਦੀ ਹੈ ਤਾਂ ਹਥਿਆਰ ਤਾਂ ਸ੍ਰੀ ਰਾਮ ਚੰਦਰ, ਸ੍ਰੀ ਕ੍ਰਿਸ਼ਨ, ਸ਼ਿਵ ਜੀ, ਦੁਰਗਾ ਅਤੇ ਹੋਰ ਦੇਵੀ-ਦੇਵਤਿਆਂ ਦੇ ਹੱਥਾਂ ਵਿੱਚ ਵੀ ਸਨ। ਸਰਕਾਰ ਕੋਲ਼ ਤਾਂ ਟੈਂਕ, ਤੋਪਾਂ, ਪ੍ਰਮਾਣੂ ਬੰਬ, ਮਸ਼ੀਨਗੰਨਾਂ ਤੇ ਹਰ ਕਿਸਮ ਦੇ ਹਥਿਆਰ ਹਨ ਫਿਰ ਸਭ ਤੋਂ ਵੱਡੀ ਅੱਤਵਾਦੀ ਤਾਂ ਸਰਕਾਰ ਹੋਈ! ਕਾਂਗਰਸੀ ਆਗੂ ਦਿਗਵਿਜੇ ਸਿੰਘ ਨੇ ਕੁਝ ਸਾਲ ਪਹਿਲਾਂ ਬਿਆਨ ਦਿੱਤਾ ਸੀ ਕਿ “ਆਰ.ਐੱਸ.ਐੱਸ. ਦੇ ਹੈੱਡਕੁਆਟਰ ਨਾਗਪੁਰ ਵਿਖੇ ਬੰਬਾਂ ਦੇ ਭੰਡਾਰ ਭਰੇ ਪਏ ਹਨ।” ਫ਼ਿਰਕੂ ਹਿੰਦੂਤਵੀ ਸੰਸਥਾ ਆਰ.ਐੱਸ.ਐੱਸ. ਨੂੰ ਭਾਰਤ ਸਰਕਾਰ ਅੱਤਵਾਦੀ ਕਿਉਂ ਨਹੀਂ ਕਹਿੰਦੀ।

ਜਦੋਂ ਪੈਲਿਸਤੀਨ ਦੇ 200 ਹਥਿਆਰਬੰਦ ਖਾੜਕੂਆਂ ਨੇ ਇੱਕ ਚਰਚ ’ਤੇ ਕਬਜਾ ਕਰ ਲਿਆ ਤਾਂ ਇਜ਼ਰਾਇਲ ਦੀ ਸਰਕਾਰ ਨੇ ਇੱਕ ਮਹੀਨੇ ਤਕ ਘੇਰਾ ਪਾਈ ਰੱਖਿਆ ਅਤੇ ਖਾੜਕੂਆਂ ਦੇ ਆਗੂ ਨਾਲ਼ ਗੱਲਬਾਤ ਜਾਰੀ ਰੱਖੀ ਤਾਂ ਕਿ ਕੋਈ ਹੱਲ ਕੱਢ ਲਿਆ ਜਾਏ ਅਤੇ ਜਾਨੀ-ਮਾਲੀ ਨੁਕਸਾਨ ਹੋਣੋਂ ਬਚ ਜਾਏ ਅਤੇ ਗਿਰਜਾ ਘਰ ਮਹਿਫ਼ੂਜ਼ ਰਹਿ ਸਕੇ। ਪਰ ਭਾਰਤ ਸਰਕਾਰ ਤਾਂ ਸੰਤ ਭਿੰਡਰਾਂਵਾਲ਼ਿਆਂ ਨੂੰ ਖ਼ਤਮ ਕਰਨ ਦੇ ਨਾਲ਼-ਨਾਲ਼ ਸ੍ਰੀ ਦਰਬਾਰ ਸਾਹਿਬ ਦਾ ਨੁਕਸਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਾਹੁਣਾ ਚਾਹੁੰਦੀ ਸੀ ਤੇ ਸਿੱਖਾਂ ਦੇ ਸਵੈਮਾਣ ਨੂੰ ਅਜਿਹੀ ਸੱਟ ਮਾਰਨਾ ਚਾਹੁੰਦੀ ਸੀ ਕਿ ਸਿੱਖ ਕਦੇ ਵੀ ਸਿਰ ਨਾ ਚੁੱਕ ਸਕਣ ਤੇ ਹਮੇਸ਼ਾਂ ਲਈ ਹਿੰਦੂਆਂ ਦੇ ਗ਼ੁਲਾਮ ਬਣ ਜਾਣ। ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਤੋਂ ਇਲਾਵਾ 40 ਤੋਂ ਵੱਧ ਹੋਰ ਗੁਰਦੁਆਰਿਆਂ ’ਤੇ ਵੀ ਹਮਲਾ ਕੀਤਾ।

ਮਿਤੀ 6 ਜੂਨ ਨੂੰ ਦਰਬਾਰ ਸਾਹਿਬ ਉੱਤੇ ਕਬਜਾ ਕਰਨ ਤੋਂ ਬਾਅਦ 8 ਜੂਨ ਨੂੰ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਨੂੰ ਲੁੱਟਿਆ ਅਤੇ ਸਾੜਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੋਲ਼ੀਆਂ ਮਾਰੀਆਂ, ਦੁੱਧ ਪੀਂਦੇ ਬੱਚਿਆਂ ਨੂੰ ਮਾਂਵਾਂ ਤੋਂ ਖੋਹ ਕੇ ਕੰਧਾਂ ਨਾਲ਼ ਪਟਕਾ ਕੇ ਮਾਰਿਆ, ਅਨੇਕਾਂ ਸੰਗਤਾਂ ਨੂੰ ਗ੍ਰਿਫ਼ਤਾਰ ਕਰਕੇ ਘੋਰ ਤਸੀਹੇ ਦਿੱਤੇ ਤੇ ਗੋਲ਼ੀਆਂ ਨਾਲ਼ ਭੁੰਨ ਦਿੱਤਾ ਗਿਆ। ਭਾਰਤੀ ਹਿੰਦੂ ਫ਼ੌਜ ਬੂਟ ਪਾ ਕੇ ਦਰਬਾਰ ਸਾਹਿਬ 'ਚ ਦਾਖਲ ਹੋਈ, ਅੰਦਰ ਸ਼ਰਾਬਾਂ ਪੀਤੀਆਂ, ਸਰੋਵਰ 'ਚ ਸਿਗਰਟਾਂ ਸੁੱਟੀਆਂ, ਬੀਬੀਆਂ ਦੀ ਪੱਤ ਰੋਲੀ, ਕੀਰਤਨ ਕਰਦੇ ਸਿੰਘ ਵੀ ਸ਼ਹੀਦ ਕਰ ਦਿੱਤੇ। ਭਾਰਤੀ ਫ਼ੌਜ ਨੇ ਸ੍ਰੀ ਦਰਬਾਰ ਸਾਹਿਬ 'ਚ ਜੋ ਜ਼ੁਲਮ ਕੀਤਾ ਉਸ ਤੋਂ ਪਤਾ ਲੱਗਦਾ ਹੈ ਕਿ ਅੱਤਵਾਦੀ ਸੰਤ ਭਿੰਡਰਾਂਵਾਲ਼ੇ ਨਹੀਂ ਬਲਕਿ ਭਾਰਤ ਸਰਕਾਰ ਹੈ।

'ਪੰਜਾਬ ਦੇ ਸਿੱਖ' ਕਿਤਾਬ 'ਚ ਪੈਟੀਗਰੂ ਲਿਖਦਾ ਹੈ ਕਿ "ਫ਼ੌਜ ਦਰਬਾਰ ਸਾਹਿਬ ਵਿੱਚ ਕਿਸੇ ਇੱਕ ਵਿਅਕਤੀ ਨੂੰ ਦਬਾਉਣ ਜਾਂ ਮਾਰਨ ਵਾਸਤੇ ਨਹੀਂ ਗਈ ਸਗੋਂ ਇੱਕ ਕੌਮ ਦੇ ਧਰਮ, ਸਵੈਮਾਣ ਤੇ ਸ਼ਕਤੀ ਨੂੰ ਕੁਚਲਣ ਵਾਸਤੇ ਗਈ ਸੀ।" ਫ਼ੌਜ ਦਰਬਾਰ ਸਾਹਿਬ ਵਿੱਚ ਕਿਸੇ ਅੱਤਵਾਦੀ ਨੂੰ ਫੜਨ ਲਈ ਨਹੀਂ ਬਲਕਿ ਅੱਤਵਾਦ ਮਚਾਉਣ ਲਈ ਗਈ ਸੀ। ਜੇ ਸਰਕਾਰ ਨੂੰ ਲੱਗਦਾ ਹੈ ਕਿ ਸੰਤ ਭਿੰਡਰਾਂਵਾਲ਼ਿਆਂ ਨੇ ਹਥਿਆਰਾਂ ਨਾਲ਼ ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਕੀਤੀ ਤਾਂ ਸਰਕਾਰ ਨੇ ਫ਼ੌਜ ਭੇਜ ਕੇ ਟੈਂਕਾਂ-ਤੋਪਾਂ ਨਾਲ਼ ਸ੍ਰੀ ਅਕਾਲ ਤਖ਼ਤ ਸਾਹਿਬ ਢਾਹ ਕੇ ਕਿਹੜੀ ਪਵਿੱਤਰਤਾ ਕਾਇਮ ਕੀਤੀ ਹੈ ? ਮੁਗਲ ਹਾਕਮਾਂ ਤੋਂ ਬਾਅਦ ਹਿੰਦੂ ਹਾਕਮਾਂ ਨੇ ਸ੍ਰੀ ਦਰਬਾਰ ਸਾਹਿਬ ਦੀ ਘੋਰ ਬੇਅਦਬੀ ਕੀਤੀ ਜਿਸ ਨੂੰ ਸਿੱਖ ਕਦੇ ਨਹੀਂ ਭੁੱਲ ਸਕਦੇ ਤੇ ਸੰਤ ਭਿੰਡਰਾਂਵਾਲ਼ਿਆਂ ਤੇ ਉਹਨਾਂ ਦੇ ਜੁਝਾਰੂ ਸਾਥੀਆਂ ਨੇ ਸ਼ਹੀਦ ਬਾਬਾ ਦੀਪ ਸਿੰਘ ਅਤੇ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ ਵਾਂਗ ਦਰਬਾਰ ਸਾਹਿਬ ਦੀ ਰਾਖੀ ਕਰਦਿਆਂ ਸ਼ਹਾਦਤਾਂ ਪ੍ਰਾਪਤ ਕੀਤੀਆਂ।

ਕਿਸੇ ਨੂੰ ਖ਼ਤਮ ਕਰਨ ਜਾਂ ਮਾਰਨ ਤੋਂ ਪਹਿਲਾਂ ਬਦਨਾਮ ਕੀਤਾ ਜਾਂਦਾ ਹੈ ਤੇ ਓਹੀ ਕੁਝ ਸਰਕਾਰ ਨੇ ਸੰਤ ਭਿੰਡਰਾਂਵਾਲ਼ਿਆਂ ਉੱਤੇ ਤਰ੍ਹਾਂ-ਤਰ੍ਹਾਂ ਦੇ ਦੋਸ਼ ਮੜ ਕੇ ਕੀਤਾ। ਜੇਕਰ ਅਮਰੀਕਾ ਸਰਕਾਰ 'ਉਸਾਮਾ-ਬਿਨ-ਲਾਦੇਨ' ਨੂੰ ਫੜਨ ਲਈ ਮੱਕੇ ਉੱਤੇ ਹਮਲਾ ਕਰਕੇ ਲੱਖਾਂ ਮੁਸਲਮਾਨ ਮਾਰ ਦੇਵੇ ਤਾਂ ਇਸ ਨੂੰ ਕੌਣ ਸਹੀ ਠਹਿਰਾਇਗਾ ? ਜਦੋਂ ਬੰਬੇ ਤਾਜ ਹੋਟਲ 'ਤੇ ਹਮਲਾ ਹੋਇਆ ਤਾਂ ਓਦੋਂ ਫ਼ੌਜ ਨੇ ਹੋਟਲ ਨੂੰ ਢਹਿ-ਢੇਰੀ ਕਿਉਂ ਨਾ ਕੀਤਾ ? ਕਾਂਗਰਸ ਤੋਂ ਭਾਜਪਾ 'ਚ ਗਿਆ ਮੁੱਖ ਮੰਤਰੀ ਬਿਅੰਤ ਸਿਹੁੰ ਬੁੱਚੜ ਦਾ ਪੋਤਾ ਰਵਨੀਤ ਸਿੰਘ ਬਿੱਟੂ ਜੋ ਹੁਣ ਰਾਹੁਲ ਗਾਂਧੀ ਨੂੰ ਦੇਸ਼ ਦਾ 'ਨੰਬਰ ਵਨ ਅੱਤਵਾਦੀ' ਕਹਿ ਰਿਹਾ ਹੈ। ਕੀ ਭਾਰਤ ਸਰਕਾਰ ਤੇ ਫ਼ੌਜ ਹੁਣ ਰਾਹੁਲ ਗਾਂਧੀ ਦੇ ਘਰ ਉੱਤੇ ਹਮਲਾ ਕਰੇਗੀ ਜਾਂ ਉਸ ਨੂੰ ਮਾਰੇਗੀ ?

ਧਰਮ ਯੁੱਧ ਮੋਰਚੇ ਦੌਰਾਨ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ ਸੰਗਤਾਂ ਨੂੰ ਕਿਹਾ ਕਰਦੇ ਸਨ ਕਿ "ਦਾਸ ਨੇ ਤੁਹਾਡੀਆਂ ਬਾਂਹਾਂ ਖੜ੍ਹੀਆਂ ਕਰਾਉਣੀਆਂ, ਤੁਹਾਨੂੰ ਅੱਤਵਾਦੀ ਬਣਾਉਣਾ ਤੇ ਅੱਤਵਾਦੀ ਬਣਨ ਵਾਸਤੇ ਬਾਂਹ ਉਹ ਖੜ੍ਹੀ ਕਰਿਓ ਜਿਹਨੇ ਅੱਤਵਾਦੀ ਵਾਲ਼ਾ ਕੰਮ ਕਰਨਾ, ਦਾਸ ਨੂੰ ਅੱਤਵਾਦੀ ਦਾ ਖ਼ਿਤਾਬ ਗੌਰਮੈਂਟ ਨੇ ਦਿੱਤਾ। ਜਿਹੜਾ ਅੰਮ੍ਰਿਤ ਛਕਾਵੇ ਤੇ ਆਪ ਦਾ ਛਕਿਆ ਹੋਵੇ, ਜਿਹੜਾ ਬਾਣੀ ਆਪ ਪੜ੍ਹਦਾ ਤੇ ਦੂਜਿਆਂ ਨੂੰ ਪੜ੍ਹਾਵੇ, ਆਪ ਕਥਾ ਕਰੇ ਤੇ ਦੂਜਿਆਂ ਤੋਂ ਕਥਾ ਕਰਾਵੇ, ਕਥਾ ਤੇ ਕੀਰਤਨ 'ਤੇ ਸ਼ਰਧਾ ਹੋਵੇ, ਸਤਿਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਬਾਪੂ, ਪਿਓ ਤੇ ਇਸ਼ਟ ਮੰਨਦਾ ਹੋਵੇ, ਧੀਆਂ-ਭੈਣਾਂ ਦੀ ਇੱਜ਼ਤ ਰੱਖਣ ਦਾ ਸਾਂਝੀਵਾਲ ਹੋਣ ਦੀ ਪ੍ਰੇਰਨਾ ਦੇਵੇ, ਕੇਸਰੀ ਨਿਸ਼ਾਨ ਸਾਹਿਬ ਥੱਲੇ ਇਕੱਠੇ ਕਰੇ, ਪੰਥ ਦੀ ਡਟ ਕੇ ਹਮਾਇਤ ਕਰੇ ਤੇ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਵੇ, ਇਹੋ ਜਿਹਾ ਕੰਮ ਕਰਨ ਵਾਲ਼ਿਆਂ ਦਾ ਨਾਮ ਹੈ ਅੱਤਵਾਦੀ, ਗੌਰਮੈਂਟ ਨੇ ਨਾਂਅ ਇਹ ਕਿਹਾ। ਮੈਂ ਇਹੋ ਜਿਹਾ ਅੱਤਵਾਦੀ ਆਂ, ਜਿਹੋ ਜਿਹਾ ਤੁਹਾਨੂੰ ਦੱਸਿਆ ਤੇ ਤੁਹਾਡਿਆਂ ਚਰਨਾਂ ਵਿੱਚ ਮੈਂ ਬੇਨਤੀ ਕਰਦਾ ਹਾਂ, ਜੇ ਭੈਣਾਂ ਦੀ ਇੱਜ਼ਤ ਬਚਾਉਣ ਦੇ ਹੱਕ 'ਚ, ਇਸ਼ਟ ਦੇ ਸਤਿਕਾਰ ਨੂੰ ਕਾਇਮ ਰੱਖਣ ਦੇ ਹੱਕ ਵਿੱਚ, ਪੰਥ ਦੀ ਹਮਾਇਤ ਕਰਨ ਦੇ ਹੱਕ ਵਿੱਚ ਤੇ ਸ਼ਹੀਦਾਂ ਦੇ ਡੁੱਲ੍ਹੇ ਖ਼ੂਨ ਦਾ ਹੱਕ ਲੈਣ ਦੇ ਹੱਕ ਵਿੱਚ ਤੁਸੀਂ ਸਹਿਮਤ ਹੋ, ਇਹੋ ਜਿਹੇ ਅੱਤਵਾਦੀ ਹੋ ਤੇ ਜਦੋਂ ਮੈਂ ਜੈਕਾਰਾ ਛੱਡਾਂਗਾ ਓਦੋਂ ਬਾਂਹਾਂ ਖੜ੍ਹੀਆਂ ਕਰਿਓ ਤੇ ਜਿਹੜਾ ਚਰਖੇ ਤੇ ਬੱਕਰੀ (ਗਾਂਧੀ) ਦਾ ਸਿੱਖ ਆ, ਜਿਹੜਾ ਰਾਧਾ ਸਵਾਮੀਆਂ ਤੇ ਨਰਕਧਾਰੀਆਂ ਦਾ ਸਿੱਖ ਆ, ਜਿਹੜਾ ਦੇਹਧਾਰੀਆਂ ਤੇ ਪਖੰਡੀਆਂ ਦਾ ਸਿੱਖ ਆ, ਜਿਹੜਾ ਕਬਰ ਤੇ ਮੜ੍ਹੀ ਦਾ ਸਿੱਖ ਆ, ਜੰਡ ਨੂੰ ਸੰਧੂਰ ਭੁੱਕਣ ਤੇ ਪਿੱਪਲ ਨੂੰ ਪਾਣੀ ਪਾਉਣ ਦਾ ਸਿੱਖ ਆ, ਉਹ ਬਾਂਹ ਖੜ੍ਹੀ ਨਾ ਕਰਿਓ, ਜਿਹੜਾ ਸਤਿਗੁਰੂ ਦਾ ਸਿੱਖ ਆ ਤੇ ਭੈਣਾਂ ਦੀ ਇੱਜ਼ਤ ਬਚਾਉਣ ਦੇ ਹੱਕ ਵਿੱਚ ਆ, ਪੰਥ ਦਾ ਹਾਮੀ ਆ, ਉਹ ਅੱਤਵਾਦੀ ਬਣਨ। ਯਾਦ ਰੱਖ ਲਿਓ ਇੱਥੇ, ਮੈਂ ਇਹੋ ਜਿਹਾ ਹੀ ਹਾਂ, ਤੇ ਇਹੋ ਜਿਹਾ ਰਹਿਣਾ, ਜ਼ਿੰਦਗੀ ਵਿੱਚ ਹੱਕ ਵੀ ਲੈਣਾ ਪਰ ਇਹ ਹੁਣ ਤੁਸੀਂ ਸੋਚ ਲਿਓ ਅੱਤਵਾਦੀ ਬਣਨਾ ਕਿ ਨਹੀਂ, ਮੈਂ ਤਾਂ ਹਾਂ। ਸੰਤ ਜੀ ਵੱਲੋਂ ਜੈਕਾਰਾ ਬੋਲੇ ਸੋ ਨਿਹਾਲ, ਸੰਗਤ ਵੱਲੋਂ ਹੁੰਗਾਰਾ ਸਤਿ ਸ੍ਰੀ ਅਕਾਲ।"



ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ

ਜਦੋਂ ਸੰਤ ਭਿੰਡਰਾਂਵਾਲ਼ਿਆਂ ਉੱਤੇ ਅੱਤਵਾਦੀ ਅਤੇ ਕਾਤਲ ਹੋਣ ਦੇ ਦੋਸ਼ ਲੱਗੇ ਤਾਂ ਉਹਨਾਂ ਨੇ ਤਕਰੀਰ ਕਰਦਿਆਂ ਕਿਹਾ ਕਿ "ਕਾਂਗਰਸ ਦੇ ਏਜੰਟ ਕਹਿਣਾ, ਗ਼ੱਦਾਰ ਕਹਿਣਾ, ਇਹ ਕੌਣ ਕਰ ਰਿਹਾ, ਦੋਫਾੜ ਪਾਉਣ ਵਾਸਤੇ ਪੰਥ ਦੇ ਵਿੱਚ, ਫੁੱਟ ਪੈਦਾ ਕਰਕੇ, ਲੜਾ ਕੇ ਜੁੰਡੋ-ਜੁੰਡੀ ਕਰਾ ਕੇ, ਆਪਣੀ ਕੁਰਸੀ ਨੂੰ ਕਾਇਮ ਰੱਖਣ ਦੀਆਂ ਸਾਜ਼ਿਸ਼ਾਂ ਗੌਰਮੈਂਟ ਵੱਲੋਂ ਜਾਰੀ ਹਨ, ਇਹਨਾਂ ਚੀਜ਼ਾਂ ਤੋਂ ਬਚਣਾ, ਅੰਮ੍ਰਿਤ ਛਕਾਉਣਾ, ਰਹਿਤ ਰਖਾਉਣੀ, ਬਾਣੀ ਪੜ੍ਹਾਉਣੀ, ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਇਕੱਠਿਆਂ ਕਰਨਾ ਤੇ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਣਾ, ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ ਨਾਲ਼ ਜੋੜਨਾ, ਧੀਆਂ-ਭੈਣਾਂ ਦੀ ਲੁੱਟੀ ਇੱਜ਼ਤ, ਮਸੂਮਾਂ ਦਾ ਪੀਤਾ ਖ਼ੂਨ, ਸਤਿਗੁਰੂ ਦੀ ਕੀਤੀ ਬੇਅਦਬੀ, ਇਹਦਾ ਹੱਕ ਲੈਣ ਦੇ ਇਛੁੱਕ ਰਹਿਣਾ ਤੇ ਹੱਕ ਲੈਣ ਦੀ ਨੌਜਵਾਨਾਂ ਨੂੰ ਪ੍ਰੇਰਨਾ ਕਰਨੀ ਤੇ ਨੰਗੇ ਧੜ ਘੁੰਡ ਚੁੱਕ ਕੇ ਘੁੰਡ ਕੱਢ ਕੇ ਨਹੀਂ, ਪੰਥ ਦੀ ਹਮਾਇਤ ਕਰਨ ਦਾ ਐਲਾਨ ਕਰਨਾ। ਤੁਸੀਂ ਮੈਨੂੰ ਦੱਸੋ ਭਾਈ ਜੇ ਇਹ ਕਾਂਗਰਸ ਦੇ ਏਜੰਟਾਂ ਦਾ ਤੇ ਬਾਕੀਆਂ ਦਾ ਫਿਰ ਕੀ ਕੰਮ ਆਂ ? ਜੇ ਇਹ ਕੰਮ ਏਜੰਟਾਂ ਦਾ, ਮੈਂ ਏਜੰਟ ਆਂ। ਜੇ ਇਹ ਕੰਮ ਭੈੜੇ ਬੰਦਿਆਂ ਦਾ, ਮੈਂ ਭੈੜਾਂ। ਜੇ ਇਹ ਕੰਮ ਜਨਸੰਘੀਆਂ ਦਾ, ਮੈਂ ਜਨਸੰਘੀ ਆਂ। ਜੇ ਇਹ ਕੰਮ ਕਾੱਲੀਆਂ ਦਾ, ਮੈਂ ਕਾੱਲੀ ਆਂ ਤੇ ਜੇ ਇਹ ਕੰਮ ਅਕਾਲੀਆਂ ਦਾ ਤੇ ਮੈਂ ਅਕਾਲੀ ਤਾਂ ਹੈਗਾਂ ਪਹਿਲਾਂ ਹੀ ਦਸ ਹਜ਼ਾਰ ਬੰਦੇ ਨੂੰ ਆਪ ਪੰਜ ਪਿਆਰਿਆਂ ਦੀ ਸੇਵਾ ਵਿੱਚ ਲੱਗ ਕੇ ਸਤਿਗੁਰੂ ਦੇ ਸਾਹਮਣੇ ਪ੍ਰਣ ਕਰਵਾ ਕੇ ਇੱਕ-ਇੱਕ ਦਿਹਾੜੀ ਵਿੱਚ ਅੰਮ੍ਰਿਤ ਛਕਾਉਣਾ ਤੇ ਫਿਰ ਕਹਿਣਾ ਜੀ ਏਜੰਟ ਆ।"

ਸੰਤ ਜੀ ਕਿਹਾ ਕਰਦੇ ਸਨ ਕਿ "ਜੇ ਧਰਮ ਦਾ ਪ੍ਰਚਾਰ ਕਰਨਾ, ਨੌਜਵਾਨਾਂ ਨੂੰ ਸਿੱਖੀ ਸਰੂਪ 'ਚ ਪ੍ਰਪੱਕ ਕਰਵਾਉਣਾ, ਨਸ਼ੇ ਛੁਡਾਉਣੇ, ਗਾਤਰੇ ਕਿਰਪਾਨ ਪਵਾਉਣੀ, ਧੀਆਂ-ਭੈਣਾਂ ਦੀ ਇੱਜ਼ਤ ਲੁੱਟੇ ਜਾਣ ਤੋਂ ਬਚਾਉਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਬਹਾਲ ਕਰਨਾ, ਪੰਥ ਅਤੇ ਪੰਜਾਬ ਦੇ ਹੱਕਾਂ ਤੇ ਅਜ਼ਾਦੀ ਲਈ ਆਵਾਜ਼ ਬੁਲੰਦ ਕਰਨਾ, ਇਹ ਕੰਮ ਅੱਤਵਾਦੀਆਂ ਦੇ ਹਨ ਤਾਂ ਮੈਂ ਅੱਤਵਾਦੀ ਹਾਂ।" ਸੰਤ ਜੀ ਆਖਦੇ ਸਨ ਕਿ "ਹਥਿਆਰ ਰੱਖ ਕੇ ਕਿਸੇ ਮਸੂਮ ਨੂੰ ਮਾਰਨਾ, ਕਿਸੇ ਦਾ ਘਰ ਲੁੱਟਣਾ, ਕਿਸੇ ਦੀ ਇੱਜ਼ਤ ਲੁੱਟਣੀ, ਕਿਸੇ 'ਤੇ ਅੱਤਿਆਚਾਰ ਕਰਨਾ, ਸਿੱਖ ਵਾਸਤੇ ਪਾਪ ਆ ਪਰ ਹਥਿਆਰ ਰੱਖ ਕੇ ਆਪਣੇ ਧਰਮ ਦੀ ਰਾਖੀ ਨਾ ਕਰਨਾ ਸਿੱਖ ਦੇ ਲਈ ਇਸ ਤੋਂ ਵੀ ਵੱਡਾ ਪਾਪ ਆ।"

ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ ਜਦੋਂ 25 ਅਗਸਤ 1977 ਨੂੰ ਦਮਦਮੀ ਟਕਸਾਲ ਦੇ ਮੁਖੀ ਬਣੇ ਤੇ ਉਹਨਾਂ ਪੰਜਾਬ ਅਤੇ ਭਾਰਤ ਦੇ ਹੋਰ ਸੂਬਿਆਂ 'ਚ ਵਿਚਰ ਕੇ ਸਿੱਖੀ ਦਾ ਭਾਰੀ ਪ੍ਰਚਾਰ ਕੀਤਾ ਤਾਂ ਸਰਕਾਰ ਘਬਰਾਅ ਗਈ। ਸਰਕਾਰ ਨੇ ਸਿੱਖਾਂ ਨੂੰ ਸ਼ਬਦ ਗੁਰੂ ਨਾਲੋਂ ਤੋੜਨ ਲਈ ਸਿੱਖੀ ਨੂੰ ਕਮਜ਼ੋਰ ਕਰਨ ਲਈ ਨਕਲੀ ਨਿਰੰਕਾਰੀਆਂ ਨੂੰ

ਸ਼ਹਿ ਦਿੱਤੀ, 13 ਅਪ੍ਰੈਲ 1978 ਦਾ ਸਾਕਾ ਵਾਪਰਿਆ, 13 ਸਿੰਘਾਂ ਦੀਆਂ ਸ਼ਹਾਦਤਾਂ ਨੇ ਸਿੱਖ ਸੰਘਰਸ਼ ਦਾ ਮੁੱਢ ਬੰਨ੍ਹ ਦਿੱਤਾ, ਫਿਰ ਲਾਲਾ ਜਗਤ ਨਰਾਇਣ ਦੀ ਬਕਵਾਸ, ਹਰਬੰਸ ਲਾਲ ਖੰਨਾ ਵੱਲੋਂ ਸਿੱਖਾਂ ਨੂੰ ਵੰਗਾਰਨਾ, ਭਾਰਤ ਦੀ ਕਾਂਗਰਸੀ ਕੇਂਦਰ ਸਰਕਾਰ ਵੱਲੋਂ ਸਿੱਖਾਂ ਦੇ ਹੱਕ ਦਬਾਉਣੇ, ਸਿੱਖਾਂ ਨੂੰ ਹਿੰਦੂਆਂ ਦਾ ਅੰਗ ਕਹਿਣਾ। ਸੰਤ ਭਿੰਡਰਾਂਵਾਲ਼ੇ ਇਹ ਸਾਰੀਆਂ ਘਟਨਾਵਾਂ ਨੂੰ ਕਿਵੇਂ ਬਰਦਾਸ਼ਤ ਕਰ ਸਕਦੇ ਸਨ। ਫਿਰ ਸੰਤਾਂ ਦੇ ਸਾਥੀ ਭਾਈ ਅਮਰੀਕ ਸਿੰਘ ਅਤੇ ਬਾਬਾ ਠਾਹਰਾ ਸਿੰਘ ਨੂੰ ਗ੍ਰਿਫ਼ਤਾਰ ਕਰ ਲੈਣਾ ਜਿਸ ਤੋਂ ਬਾਅਦ ਸੰਤ ਭਿੰਡਰਾਂਵਾਲਿਆਂ ਨੇ 19 ਜੁਲਾਈ 1982 ਨੂੰ ਮੋਰਚਾ ਅਰੰਭਿਆ ਤੇ 4 ਅਗਸਤ 1982 ਨੂੰ ਅਕਾਲੀ ਦਲ ਵੱਲੋਂ ਵੀ ਅਨੰਦਪੁਰ ਸਾਹਿਬ ਦੇ ਮਤੇ ਦੀਆਂ ਮੰਗਾਂ ਦੀ ਪੂਰਤੀ ਲਈ ਇਹ ਮੋਰਚਾ ਅਪਣਾ ਲੈਣਾ।

ਸੰਤ ਭਿੰਡਰਾਂਵਾਲ਼ਿਆਂ ਵੱਲੋਂ ਪੰਥ ਅਤੇ ਪੰਜਾਬ ਦੇ ਹੱਕਾਂ ਲਈ ਦ੍ਰਿੜਤਾ ਸਹਿਤ ਮੋਰਚੇ ਦੀਆਂ ਮੰਗਾਂ ’ਤੇ ਡਟੇ ਰਹਿਣਾ, ਉਲ਼ਟਾ ਸਰਕਾਰ ਵੱਲੋਂ 200 ਸਿੰਘ ਸ਼ਹੀਦ ਕਰ ਦੇਣੇ, ਘੱਲ ਖੁਰਦ ਵਿੱਚ ਪੁਲਿਸ ਵੱਲੋਂ ਸਿੱਖ ਲੜਕੀ ਨੂੰ ਨਗਨ ਕਰਕੇ ਛਾਤੀਆਂ ਤੋਂ ਫੜ ਕੇ ਘੁਮਾਉਣਾ, ਬੱਚੀਆਂ ਨਾਲ਼ ਬਲਾਤਕਾਰ ਕਰਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਹੋਣੀਆਂ, ਬਿੱਛੂ ਰਾਮ ਥਾਣੇਦਾਰ ਵੱਲੋਂ ਸਿੱਖ ਦੀ ਦਾੜ੍ਹੀ ਮੁੰਨ ਦੇਣੀ, ਹਿੰਦੁਤਵੀਆਂ ਵੱਲੋਂ ਅੰਮ੍ਰਿਤਸਰ ਰੇਲਵੇ ਸਟੇਸ਼ਨ ’ਤੇ ਦਰਬਾਰ ਸਾਹਿਬ ਦਾ ਮਾਡਲ ਤੋੜਨਾ। ਜਲਸੇ ਵਿੱਚ ਨਾਅਰੇ ਲਾਉਣੇ “ਕੱਛ, ਕੜਾ ਕਿਰਪਾਨ ਭੇਜ ਦਿਆਂਗੇ ਪਾਕਿਸਤਾਨ।” “ਦੁੱਕੀ ਤੁੱਕੀ ਖਹਿਣ ਨ੍ਹੀਂ ਦੇਣੀ, ਸਿਰ ’ਤੇ ਪੱਗੜੀ ਰਹਿਣ ਨ੍ਹੀਂ ਦੇਣੀ।” ਫਿਰ ਸਰਕਾਰ ਵੱਲੋਂ ਧਰਮ ਯੁੱਧ ਮੋਰਚੇ ਦੀਆਂ ਜਾਇਜ਼ ਮੰਗਾਂ ਨਾ ਮੰਨਣਾ ਤੇ ਉਲ਼ਟਾ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕਰਨ ਦੀਆਂ ਤਿਆਰੀਆਂ ਕੱਸ ਲੈਣਾ, ਇੰਦਰਾ ਗਾਂਧੀ ਵੱਲੋਂ ਬਿਆਨ ਦੇਣਾ ਕਿ 35 ਹਿੰਦੂਆਂ ਦੇ ਹਿੱਸੇ ਇੱਕ-ਇੱਕ ਸਿੱਖ ਆਉਂਦਾ ਆਦਿਕ। ਸਿੱਖਾਂ ਉੱਤੇ ਹੋ ਰਹੇ ਅੱਤਿਆਚਾਰਾਂ ਨੂੰ ਸੰਤ ਜਰਨੈਲ ਸਿੰਘ ਜੀ ਮਹਿਸੂਸ ਕਰ ਰਹੇ ਸਨ, ਧਰਮ ਯੁੱਧ ਮੋਰਚਾ ਛੱਡ ਕੇ ਭੱਜੇ ਨਹੀਂ, ਵਿਕੇ ਨਹੀਂ, ਝੁਕੇ ਨਹੀਂ ਤੇ ਸ੍ਰੀ ਦਰਬਾਰ ਸਾਹਿਬ ਦੀ ਰਾਖੀ ਲਈ ਡਟੇ ਰਹੇ। ਉਹ ਅੱਤਵਾਦੀ ਨਹੀਂ, ਸੱਤਵਾਦੀ ਸਨ, ਪੰਥ ਅਤੇ ਪੰਜਾਬ ਦੇ ਪਹਿਰੇਦਾਰ ਸਨ।

ਜਿਵੇਂ ਮੁਗ਼ਲ ਹਕੂਮਤ ਵੇਲ਼ੇ ਸਾਡੇ ਗੁਰੂ ਸਾਹਿਬਾਨਾਂ ਨੂੰ ਬਾਗ਼ੀ ਆਖਿਆ ਜਾਂਦਾ ਸੀ। ਅੰਗਰੇਜ਼ ਹਕੂਮਤ ਸਮੇਂ ਸ. ਭਗਤ ਸਿੰਘ, ਸ. ਕਰਤਾਰ ਸਿੰਘ ਸਰਾਭਾ, ਸ. ਊਧਮ ਸਿੰਘ ਤੇ ਗ਼ਦਰੀ ਬਾਬਿਆਂ ਨੂੰ ਦੋਸ਼ੀ ਆਖ ਕੇ ਫਾਂਸੀਆਂ ਦਿੱਤੀਆਂ ਗਈਆ ਤੇ ਹੁਣ ਹਿੰਦ ਹਕੂਮਤ ਵੱਲੋਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਅਤੇ ਹੋਰ ਧਰਮੀ ਯੋਧਿਆਂ ਨੂੰ ਅੱਤਵਾਦੀ ਆਖ ਕੇ ਬਦਨਾਮ ਕੀਤਾ ਜਾਂਦਾ ਹੈ। ਆਚਰਨ ਤੋਂ ਗਿਰੀ ਹੋਈ ਭਾਜਪਾਈ ਨੇਤਾ ਕੰਗਨਾ ਰਣੌਤ ਵਾਰ-ਵਾਰ ਸੰਤਾਂ ਵਿਰੁੱਧ ਬਕਵਾਸ ਕਰਦੀ ਹੈ। ਪਰ ਸਰਕਾਰ ਜਿੰਨਾ ਮਰਜੀ ਜ਼ੋਰ ਲਾ ਲਵੇ ਉਹ ਸੰਤ-

ਬਾਕੀ ਹਿੱਸਾ ਸਫ਼ਾ ਨੰਬਰ 13 ਤੇ

# ਕਲਾ ਗੁਰੂ ਕੀ

ਕਲਾ ਵਰਤਦੀ ਏ। ਹਰ ਪਲ਼ ਵਰਤ ਰਹੀ ਏ ਤੇ ਕਰਤਾ ਆਪ ਵਰਤਾ ਰਿਹਾ ਏ, ਪਰ ਸਮਝ ਉਸ ਨੂੰ ਪੈਂਦੀ ਏ ਜਿਸ ਨੂੰ ਗੁਰੂ ’ਤੇ ਦ੍ਰਿੜ੍ਹ ਨਿਸਚਾ ਹੈ।

ਗੁਰੂ ਰੂਪ ਸੰਗਤ ਦੇ ਵੱਡੇ ਹਿੱਸੇ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵੱਲੋਂ ਦੁਸ਼ਟਾਂ ਨੂੰ ਸੁਣਾਈ ਗਈ ਸਜ਼ਾ ਨਿਗੂਣੀ ਲੱਗੀ। ਕਾਰਨ ਕਿ ਮਸੰਦਾਂ ਨੇ ‘ਗੁਨਾਹ’ ਨਹੀਂ ‘ਬੱਜਰ ਪਾਪ’ ਕੀਤੇ ਸਨ ਜਾਂ ਪਾਪਾਂ ਵਿਚ ਭਾਈਵਾਲ ਰਹੇ ਸਨ। ਮਰੇ ਹੋਏ ਬਾਦਲ ਤੋਂ ਫ਼ਖ਼ਰ-ਏ-ਕੌਮ ਵਾਪਸ ਲੈਣ ਦਾ ਐਲਾਨ ਕੰਨਾਂ ਨੂੰ ਸਕੂਨ ਦੇਣ ਵਾਲਾ ਸੀ ਤੇ ਸੰਗਤਾਂ ਨੇ ਜੈਕਾਰੇ ਵੀ ਛੱਡੇ। ਗਿਆਨੀ ਹਰਪ੍ਰੀਤ ਸਿੰਘ ਦਾ ਚੰਦੂਮਾਜਰੇ ਨੂੰ ਕਹਿਣਾ ਕਿ ‘ਉਂਗਲ ਨੀਵੀਂ ਕਰ ਕੇ ਗੱਲ ਕਰ’ ਜੁਅਰਤ ਵਾਲੇ ਬਚਨ ਸਨ। ਵੱਡੀ ਗੱਲ ਕਿ ਸਾਰੇ ਦੁਸ਼ਟ ਦੋਸ਼ੀਆਂ ਦੇ ਰੂਪ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਨਮੁੱਖ ਇੱਕ-ਇੱਕ ਗੁਨਾਹ ਕਬੂਲ ਕਰ ਰਹੇ ਸਨ। ਇਹ ਨਜ਼ਾਰਾ ਸੰਗਤਾਂ ਨੇ ਬੜੇ ਅਰਸੇ ਬਾਅਦ ਵੇਖਿਆ ਸੀ, ਜੋ ਚੰਗਾ ਲੱਗਾ।

ਕਈ ਕਮਿਸ਼ਨ ਬਣੇ, ਕਈ ਸਿੱਟਾਂ ਬਣੀਆਂ ਪਰ ਮਸੰਦ ਗ਼ੁਨਾਹ ਕਬੂਲਣ ਤੋਂ ਆਕੀ ਰਹੇ। ਸੰਗਤਾਂ ਨੇ ਹੰਕਾਰੀ ਐਸੇ ਮੂਧੇ-ਮੂੰਹ ਮਾਰੇ ਕਿ ਪੰਝੀ ਸਾਲ ਦੇ ਸੁਪਨੇ ਧਰੇ-ਧਰਾਏ ਰਹਿ ਗਏ। ਗੁਰੂ ਦੀ ਕਲਾ ਐਸੀ ਵਰਤੀ ਕਿ ਦੁਸ਼ਟਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਫ਼ਸੀਲ ਮੂਹਰੇ ਆ ਕੇ ਸਭ ਗ਼ੁਨਾਹ ਮੰਨਣੇ ਪਏ। ਭਾਵੇਂ ਇਹਨਾਂ ਦੇ ਮਨ ਕਾਲ਼ੇ ਸਨ, ਪਰ ਸਾਡੇ ਲਈ ਫ਼ਖ਼ਰ ਵਾਲੀ ਗੱਲ ਇਹ ਸੀ ਕਿ ਨਾਗਪੁਰ ਤੋਂ ਵੀ ਅਗਾਂਹ ਦੁਨੀਆਂ ਵਿੱਚ ਇਹ ਮੈਸਜ ਗਿਆ ਕਿ ਧਰਤ-ਪਲਾਨੇਟ ’ਤੇ ਇੱਕ ਐਸਾ ਤਖ਼ਤ ਸਾਹਿਬ ਵੀ ਹੈ, ਜੋ ਅੱਜ ਵੀ ਰਾਜੇ-ਰਾਣਿਆਂ ਨੂੰ ਗੋਡਿਆਂ ਭਾਰ ਕਰਨਾ ਜਾਣਦੈ।



ਕਲਾ ਗੁਰੂ ਕੀ ਵਰਤਦੀ ਪੂਰੀ ਦੁਨੀਆ ਨੇ ਵੇਖੀ

ਗੁਰੂ ਦੀ ਕਲਾ ਵਰਤੀ, ਦਿਨ ਦੋ ਲੰਘੇ ਤੇ ਕਿਸੇ ਗੁਰੂ ਕੇ ਸਿੱਖ ਨੇ ਖੜਾਕਾ ਕੀ ਕਰ’ਤਾ, ਸਾਰਾ ਹੰਕਾਰ ਬਾਹਰ ਆ ਗਿਆ। ਸਜ਼ਾ ਭੁਗਤ ਰਿਹਾ ਮਜੀਠੀਆ ਜੱਜ ਤੇ ਜੱਲਾਦ ਬਣ, ਭਾਈ ਨਰੈਣ ਸਿੰਘ ਚੌੜੇ ਨੂੰ ‘ਸਿੱਧਾ ਕਰਨ’ ਦੀਆਂ ਧਮਕੀਆਂ ਦੇਣ ਲੱਗਾ। ਚੀਮਾ ਆਪਣੀ ਥਾਂ ਪਿੱਟਣ ਲੱਗਾ। ਕਮੇਟੀ ਲੰਬੜਦਾਰ ਧਾਮੀ ਇਕੱਲੇ ਜੱਥੇਦਾਰ ਕੋਲੋਂ ਤਿੰਨਾਂ ਦਿਨਾਂ ਦਾ ਸਮਾਂ ਵਧਾ ਕੇ ਤਿੰਨ ਹਫ਼ਤਿਆਂ ਦਾ ਕਰਾ ਲਿਆਇਆ। ਗੱਲ ਕੀ ਅੰਦਰ ਕਪਟ ਕਿ ਸਮਾਂ ਟੱਪ ਜਾਏ ਤੇ ਅਸਤੀਫ਼ੇ ਨਾ ਪ੍ਰਵਾਨ ਕਰੀਏ। ਨੀਤਾਂ ਮਾੜੀਆਂ ! ਲੋਕਾਂ ਸਪਸ਼ਟ ਵੇਖ ਲਿਆ ਏ, ਸਿੱਧੀਆਂ ਹੋਣ ਵਾਲੀਆਂ ਪੂਛਾਂ ਨਹੀਂ।

ਏਦਾਂ ਈ ਲੰਗਾਹ, ਜੀਹਦਾ ਡਰੱਮ ਜਿੱਡਾ ਨੰਗਾ ਢਿੱਡ ਫੜਿਆ ਗਿਆ ਸੀ, ਸਜ਼ਾ ਲਵਾ ਕੇ ਦੋਂਹ ਦਿਨਾਂ ਮਗਰੋਂ ਕਹਿ ਰਿਹਾ ਸੀ ਅਸਲੀ ਟਕਸਾਲੀ ਅਕਾਲੀ ਈ ਅਸੀਂ ਹਾਂ।

ਸੋ ਭਾਈ ਇਹ ਗੁਰੂ ਦੀ ਕਲਾ ਵਰਤ ਰਹੀ ਹੈ ਕਿ ਗੁਰੂ ਪਾਤਸ਼ਾਹ ਜੀ ਨੇ ਇਹਨਾਂ ਦੁਸ਼ਟਾਂ ਕੋਲੋਂ ਗ਼ੁਨਾਹ ਵੀ ਕਬੂਲ ਕਰਾ ਲਏ ਤੇ ਯਕੀਨ ਕਰਿਓ ਬਖ਼ਸ਼ੇ ਅਜੇ ਵੀ ਨਹੀਂ ਜੇ ਗਏ, ਕਲਪ ਰਹੇ ਜੇ।

ਕਈ ਭਰਾ ਕਹਿੰਦੇ ਸੁੱਖਾ ਸੋਧਿਆ ਕਿਓਂ ਨਹੀਂ ਗਿਆ ? ਨਾ ਭਾਈ ਏਡੀ ਸੌਖੀ ਸਜ਼ਾ! ਅਜੇ ਤਾਂ ਗੁਰੂ ਨੇ ਬੜਾ ਕੁਝ ਵਿਖਾਉਣੈ। ਹੰਕਾਰ ਦੀ ਵੱਡੀ ਸਜ਼ਾ ਕਲਪਣਾ-ਕੁਰਲਾਉਣਾ ਹੈ। ਕਈ ਇਹ ਵੀ ਕਹਿੰਦੇ ਕਿ ਸਜ਼ਾ ਲਵਾ ਲਈ, ਹੁਣ ਬਖ਼ਸ਼ ਦੇਣਾ ਚਹੀਦੈ। ਭਾਈ ਜਾਣੇ ਅਨਜਾਣੇ ਗ਼ੁਨਾਹ ਦੀ ਮੁਆਫ਼ੀ ਹੁੰਦੀ, ਘੋਰ ਅਪਰਾਧਾਂ ਦੀ ਨਹੀਂ। ਘੋਰ ਅਪਰਾਧ ਕਰਨ ਵਾਲੇ ਮਸੰਦ ਵੀ ਨਿਰਵੈਰ ਸੱਚੇ ਪਾਤਸ਼ਾਹ ਜੀ ਨੂੰ ਕੜਾਹਿਆਂ ’ਚ ਤੱਲਣੇ ਪਏ ਸੀ।

ਸੋ ਇਹਨਾ ਲਈ ਵਾਜ਼ਬ ਸਜ਼ਾ ਇਹੋ ਹੈ ਕਿ ਇਹਨਾਂ ਨੂੰ ਸਦਾ ਚਿਰ ਵਾਸਤੇ ਅਕਾਲੀ ਦਲ ਤੋਂ ਦੂਰ ਕੀਤਾ ਜਾਵੇ ਤੇ ਅਕਾਲੀ ਦਲ 1920 ਨੂੰ ਮੁੜ ਪੁਨਰ ਸੁਰਜੀਤ ਕੀਤਾ ਜਾਵੇ।

ਇੱਕ ਕਲਾ ਹੋਰ ਗੁਰੂ ਪਾਤਸ਼ਾਹ ਜੀ ਨੇ ਵਰਤਾਈ ਕਿ ਜਿਹੜਾ ਕਾਲੀਆਂ ਦਾ ਕਰਿੰਦਾ ਧਾਮੀ, ਭਾਈ ਨਰੈਣ ਸਿੰਘ ਚੌੜੇ ਨੂੰ ਤਨਖ਼ਾਹ ਲਾਉਣ ਦੀ ਮੰਗ ਕਰ ਰਿਹਾ ਸੀ, ਆਪਣੀ ਬਦਤਮੀਜ਼ੀ ਦੀ ਮੁਆਫ਼ੀ ਕਮੇਟੀ ਦੇ ਪੈਡ ’ਤੇ ਲਿੱਖ ਕੇ ਤੇ ਮੀਡੀਏ ’ਚ ਬੋਲ ਕੇ ਮੰਗ ਰਿਹੈ। ਹੈ ਨਾ ਕਲਾ ਵਾਹਿਗੁਰੂ ਜੀ ਦੀ !

**– ਬਿੱਟੂ ਅਰਪਿੰਦਰ ਸਿੰਘ ਫਰੈਂਕਫੋਰਟ, ਜਰਮਨੀ।**

* * * *



– ਡਾਕਟਰ ਸੁਰਜੀਤ ਸਿੰਘ ਜਰਮਨੀ
ਸਹਾਇਕ ਸੰਪਾਦਕ 'ਪੰਜਆਬ' ਮੈਗਜ਼ੀਨ
(President IPCC Germany)
Buro Chief Germany (ਪੰਜਾਬ ਹੈੱਡਲਾਈਨਜ਼)

# ਸ਼ਹੀਦ ਭਾਈ ਮਨੀ ਸਿੰਘ ਜੀ

ਇੱਥੇ ਇਹ ਦੱਸਣ ਦੀ ਬਹੁਤੀ ਲੋੜ ਨਹੀਂ ਕਿ ਭਾਈ ਮਨੀ ਸਿੰਘ ਜੀ ਦੀ ਬਹੁਪੱਖੀ ਸ਼ਖ਼ਸੀਅਤ ਦੀ ਪੰਜਾਬ ਦੇ ਇਤਿਹਾਸ ਵਿੱਚ ਇੱਕ ਨਿਵੇਕਲੀ ਤੇ ਨਿਰਾਲੀ ਥਾਂ ਹੈ।

ਇੱਕ ਐਸੇ ਸਮੇਂ ਵਿੱਚ ਜਦੋਂ ਕਿ ਪੰਜਾਬ ਉੱਤੇ ਜਾਬਰ ਤੇ ਪਤਿਤ ਹਕੂਮਤ ਲੋਕਾਂ ਦੀ ਇਖ਼ਲਾਕੀ ਸ਼ਖ਼ਸੀਅਤ ਨੂੰ ਮਲੀਆਮੇਟ ਕਰਨ 'ਤੇ ਤੁਲੀ ਹੋਈ ਸੀ, ਉਸ ਵਕਤ ਅਜਿਹੇ ਸਰਕਾਰੀ ਹੁਕਮ ਜਾਰੀ ਹੋਏ ਸਨ ਕਿ ਕੋਈ ਬੰਦਾ 'ਗੁੜ' ਸ਼ਬਦ ਦੀ ਵਰਤੋਂ ਨਹੀਂ ਕਰ ਸਕਦਾ ਸੀ, ਕਿਉਂਕਿ ਇਹ 'ਗੁਰ' ਸ਼ਬਦ ਦੇ ਕਿਸੇ ਹੱਦ ਤਕ ਨੇੜੇ ਹੈ।

ਜਦੋਂ ਸਿੰਘਾਂ ਦੇ ਸਿਰਾਂ ਦੇ ਮੁੱਲ ਰੱਖ ਦਿੱਤੇ ਗਏ ਸਨ, ਉਸ ਵਕਤ ਭਾਈ ਮਨੀ ਸਿੰਘ ਜੀ ਨੇ ਮਨੁੱਖੀ ਅਣਖ਼ ਤੇ ਵਿਚਾਰਾਂ ਦੀ ਸੁਤੰਤਰਤਾ ਦੀ ਰੱਖਿਆ ਵਾਸਤੇ ਅਤੇ ਵਹਿਸ਼ੀਪੁਣੇ ਦੇ ਸਾਹਮਣੇ ਆਤਮਕ ਬਲ਼ ਦੀ ਉੱਚਤਾ ਦਰਸਾਉਣ ਖ਼ਾਤਰ ਮੈਦਾਨ-ਏ-ਜੰਗ ਵਿੱਚ ਨਿੱਤਰ ਕੇ ਬੰਦ-ਬੰਦ ਕਟਵਾ ਕੇ ਸ਼ਹੀਦੀ ਦਿੱਤੀ।

ਇਸ ਤਰ੍ਹਾਂ ਖ਼ਿਆਲਾਂ ਦੀ ਅਜ਼ਾਦੀ ਤੇ ਧਰਮ ਦੀ ਰੱਖਿਆ ਦੇ ਇਤਿਹਾਸ ਵਿੱਚ ਭਾਈ ਮਨੀ ਸਿੰਘ ਜੀ ਦੀ ਅਹਿਮੀਅਤ, ਕੇਵਲ ਇੱਕ ਜੀਵਨ ਉਸਾਰੂ ਪ੍ਰੇਰਨਾ ਕਰਕੇ ਨਹੀਂ, ਸੁਚੱਜੇ ਮਰਨ ਦਾ ਢੰਗ ਦੱਸਣ ਕਰਕੇ ਵੀ ਬਹੁਤ ਹੈ।


ਭਾਈ ਸਾਹਿਬ ਇੱਕ ਕਰਮ ਯੋਗੀ ਸਨ। ਆਪਣੇ ਸਮੇਂ ਦੇ ਨਿਰਭੈ ਯੋਧਾ, ਸਿਆਸੀ ਤੇ ਧਾਰਮਿਕ ਆਗੂ ਹੋਣ ਤੋਂ ਬਿਨਾਂ ਸਿੱਖ ਧਰਮ ਤੇ ਸਾਹਿਤ ਦੇ ਮਹਾਨ ਵਿਦਵਾਨ ਤੇ ਪੂਰਨ ਗਿਆਤੇ ਵੀ ਸਨ।

ਭਾਈ ਮਨੀ ਸਿੰਘ ਜੀ ਦੇ ਜਨਮ ਅਸਥਾਨ ਤੇ ਤਰੀਕਾਂ ਬਾਰੇ ਵੱਖੋ-ਵੱਖਰੇ ਵਿਦਵਾਨਾਂ ਦੀ ਵੱਖੋ-ਵੱਖਰੀ ਰਾਇ ਹੈ। ਕਈ ਖਰੜਿਆਂ ਵਿੱਚ ਦੋ ਮਨੀ ਸਿੰਘ ਤੇ ਕਈ ਵਿੱਚ ਤਿੰਨ ਦਾ ਵੀ ਜਿਕਰ ਆਇਆ ਹੈ। ਹਰੇਕ ਵਿਦਵਾਨ ਨੇ ਆਪਣੇ ਵਾਲੀ ਖੋਜ ਵਾਲੇ ਮਨੀ ਸਿੰਘ ਨੂੰ ਭਾਈ ਮਨੀ ਸਿੰਘ ਜੀ ਸ਼ਹੀਦ ਹੋਣ ਦਾ ਦਾਅਵਾ ਕੀਤਾ। ਪਰ ਜੇ ਅਸਲ ਭਾਈ ਮਨੀ ਸਿੰਘ ਜੀ ਬਾਰੇ ਜਿਹੜੀ ਖੋਜ ਜ਼ਿਆਦਾ ਸਟੀਕ ਤੇ ਅਸਲ ਜਾਪਦੀ ਹੈ, ਉਹ ਹੈ ਭੱਟ ਵਹੀ, ਕਰਸਿੰਧੂ, ਪਰਗਨਾ ਸਫੀਦੋਂ ਤੇ ਭੱਟ ਵਹੀ ਮੁਲਤਾਨੀ ਸਿੰਧੀ ਵਹੀ।

ਦਰਜ ਹੈ : **"ਬਧਾਈ ਲੀ ਮਨੀ ਰਾਮ ਕੀ, ਬੇਟਾ ਮਾਈ ਦਾਸ ਕਾ, ਪੋਤਾ ਬੱਲੂ ਕਾ, ਪੜਪੋਤਾ ਮੂਲੇ ਕਾ ਸੰਬਤ 1701 ਬਰਖਾਸਤ ਮਾਹ ਚੇਤਰ ਸੁਦੀ ਦੁਆਦਸੀ ਰਵੀ ਵਾਰ ਸ਼ੁਭ ਵਾਰ ਸ਼ੁਭ ਘੜੀ ਜਨਮ ਹੁਆ, ਕੁਲ ਪ੍ਰੋਹਤ ਬੋਹਥ ਭੱਟ ਕੋ ਮਾਨਾ, ਗੁਰੂ ਕੀ ਕੜਾਹੀ ਕੀ।"**

(ਮੁਲਤਾਨੀ ਸਿੰਧੀ ਵਹੀ)

ਭਾਈ ਮਨੀ ਸਿੰਘ ਜੀ ਦਾ ਜਨਮ ਮਾਤਾ ਮਧਰੀ ਬਾਈ ਦੀ ਕੁੱਖੋਂ ਪਿਤਾ ਭਾਈ ਦਾਸ ਜੀ ਦੇ ਗ੍ਰਹਿ ਵਿਖੇ 13 ਚੇਤਰ ਸੁਦੀ ਦੁਆਦਸ਼ੀ ਐਤਵਾਰ ਸੰਮਤ 1701 ਬਿਕਰਮੀ (10 ਮਾਰਚ 1644 ਈ.) ਨੂੰ ਪਿੰਡ



ਸ਼ਹੀਦ ਭਾਈ ਮਨੀ ਸਿੰਘ ਜੀ

ਅਲੀਪੁਰ ਉੱਤਰੀ ਵਿੱਚ ਹੋਇਆ; ਜਿਹੜਾ ਅੱਜ ਕੱਲ੍ਹ ਤਹਿਸੀਲ ਤੇ ਜ਼ਿਲ੍ਹਾ ਮੁਜ਼ੱਫਰਗੜ੍ਹ (ਲਹਿੰਦੇ ਪੰਜਾਬ ਪਾਕਿਸਤਾਨ) ਵਿੱਚ ਹੈ, ਵਿਖੇ ਹੋਇਆ।

ਭਾਈ ਮਨੀ ਸਿੰਘ ਜੀ ਦਾ ਗੁਰੂ ਘਰ ਨਾਲ ਸਿੱਧਾ ਸੰਬੰਧ ਸੰਮਤ 1714 ਬਿਕਰਮੀ (1657 ਈ.) ਵਿੱਚ ਪਿਆ। ਇਸ ਵੇਲੇ ਇਹਨਾਂ ਦੀ ਉਮਰ 13 ਸਾਲ ਦੀ ਸੀ। ਇਹ ਆਪਣੇ ਪਿਤਾ ਦੇ ਨਾਲ ਕੀਰਤਪੁਰ ਵਿੱਚ ਗੁਰੂ ਹਰਿ ਰਾਇ ਸਾਹਿਬ ਦੇ ਦਰਸ਼ਨ ਲਈ ਆਏ। ਪੰਦਰਾਂ ਸਾਲਾਂ ਦੀ ਉਮਰ ਵਿੱਚ ਹਾੜ ਸੁਦੀ ਪੂਰਨਮਾਸ਼ੀ ਨੂੰ ਪਿੰਡ ਖ਼ੈਰਪੁਰ ਸਦਾਤ (ਜ਼ਿਲ੍ਹਾ ਮੁਜ਼ੱਫਰਗੜ੍ਹ) ਵਿੱਚ ਜਾਦੋ ਬੰਸੀ ਬੜ੍ਹਤੀਏ ਕਨਾਵਤਾਂ ਦੇ ਘਰ ਭਾਈ ਲੱਖੀ ਰਾਏ ਦੀ ਸਪੁੱਤਰੀ ਸੀਤੋ ਬਾਈ ਨਾਲ ਸ਼ਾਦੀ ਹੋਈ।

ਭਾਈ ਮਨੀ ਸਿੰਘ ਜੀ ਦੀ ਅਹਿਮੀਅਤ ਦਾ ਇੱਥੋਂ ਪਤਾ ਲੱਗਦਾ ਹੈ ਕਿ ਸੱਤਵੇਂ ਪਾਤਸ਼ਾਹ ਦੇ ਜੋਤੀ-ਜੋਤ ਸਮਾ ਜਾਣ ਤੋਂ ਬਾਅਦ ਆਪ ਅੱਠਵੇਂ ਸਤਿਗੁਰਾਂ ਦੀ ਹਜ਼ੂਰੀ ਵਿੱਚ ਰਹੇ। ਭਾਈ ਸੇਵਾ ਸਿੰਘ ਦੇ ਕਥਨ ਅਨੁਸਾਰ ਗੁਰੂ ਹਰਿਕ੍ਰਿਸ਼ਨ ਸਾਹਿਬ ਨਾਲ ਦਿੱਲੀ ਜਾਣ ਵਾਲੇ ਸਿੱਖਾਂ ਵਿੱਚ ਵੀ ਭਾਈ ਸਾਹਿਬ ਸ਼ਾਮਿਲ ਸਨ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ 3 ਵੈਸਾਖ ਚੇਤ੍ਰ ਸੁਦੀ 14 ਸੰਮਤ 1721 ਬਿਕਰਮੀ (30 ਮਾਰਚ 1664) ਨੂੰ ਦਿੱਲੀ ਵਿੱਚ ਜੋਤੀ-ਜੋਤ ਸਮਾ ਗਏ ਤੇ ਭਾਈ ਸਾਹਿਬ ਸਤਿਗੁਰਾਂ ਦੀ ਮਾਤਾ ਸੁਲੱਖਣੀ ਜੀ ਨਾਲ ਨੌਵੇਂ ਸਤਿਗੁਰਾਂ ਦੀ ਸੇਵਾ ਵਿੱਚ ਬਕਾਲੇ ਪਿੰਡ ਵਿੱਚ ਆ ਹਾਜ਼ਰ ਹੋਏ। ਉਸ ਵੇਲੇ ਇਹਨਾਂ ਦੀ ਉਮਰ 20 ਕੁ ਸਾਲ ਦੀ ਸੀ।

ਸੰਮਤ 1732 ਬਿਕਰਮੀ (1675 ਈ.) ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਦਿੱਲੀ ਵਿਖੇ ਸ਼ਹਾਦਤ ਸਮੇਂ ਭਾਈ ਮਨੀ ਸਿੰਘ ਜੀ ਸ੍ਰੀ ਦਸਮੇਸ਼ ਪਿਤਾ ਜੀ ਦੀ ਹਜ਼ੂਰੀ ਵਿੱਚ ਸੇਵਾ ਵਿੱਚ ਤਤਪਰ ਸਨ। 13 ਸਾਲਾਂ ਦੀ ਉਮਰ ਵਿੱਚ ਗੁਰੂ ਹਰਿ ਰਾਇ ਸਾਹਿਬ ਦੇ ਲੰਗਰ ਵਿੱਚ ਸੇਵਾ ਕਰਨ ਵਾਲ਼ਾ ਨੌਜਵਾਨ ਹੁਣ 35 ਸਾਲ ਦੀ ਉਮਰ ਵਿੱਚ ਪੜ੍ਹਨ-ਪੜ੍ਹਾਉਣ ਤੇ ਲਿਖਣ-ਲਿਖਾਉਣ ਵਾਲਾ ਵਿਦਵਾਨ ਬਣ ਗਿਆ ਸੀ।

ਸ਼ਹੀਦ ਬਿਲਾਸ ਦਾ ਲਿਖਾਰੀ ਲਿਖਦਾ ਹੈ :

**ਆਯੂ ਪੈਂਤੀ ਬਰਖ ਕੀ ਮਨੀ ਸਿੰਘ ਕੀ ਆਇ।**
**ਲਿਖੇ ਲਿਖਾਏ ਪੋਥੀਆਂ, ਮਨ ਮਹਿ ਬਹੁ ਉਤਸਾਇ।**

ਜਿਸ ਤਰ੍ਹਾਂ ਸ੍ਰੀ ਦਸਮ ਗ੍ਰੰਥ ਜੀ ਨੂੰ ਕੁਝ ਭਾਗਾਂ ਦੇ ਨਾਵਾਂ ਨਾਲ ਪੁਕਾਰਿਆ ਜਾਂਦਾ ਸੀ। ਓਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਉਸ ਵੇਲੇ 'ਪੋਥੀ ਸਾਹਿਬ' ਕਿਹਾ ਜਾਂਦਾ ਸੀ। ਪੁਰਾਣੀਆਂ ਬੀੜਾਂ ਵਿੱਚ ਵੀ ਲਿਖਿਆ ਮਿਲਦਾ ਹੈ 'ਪੋਥੀ'।

ਭਾਈ ਚੌਲਾਂ ਸਿੰਘ ਹਜ਼ੂਰੀ ਦੇ ਰਹਿਤਨਾਮੇ ਤੇ ਭਾਈ ਕੇਸਰ ਸਿੰਘ ਛਿੱਬਰ ਦੀਆਂ ਲਿਖਤਾਂ ਨੂੰ ਵਾਚਣ ਤੋਂ ਪਤਾ ਲੱਗਦਾ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਕਰਤਾਰਪੁਰੀ ਸੋਢੀਆਂ ਪਾਸੋਂ ਗੁਰੂ ਅਰਜਨ ਸਾਹਿਬ ਵਾਲੀ ਬੀੜ ਸੰਮਤ 1735 ਬਿਕਰਮੀ ਵਿੱਚ ਮੰਗਵਾਈ ਤਾਂ ਉਹਨਾਂ ਨੇ ਦੇਣੋਂ ਇਨਕਾਰ ਕਰ ਦਿੱਤਾ ਸੀ। ਓਦੋਂ ਕੁ ਹੀ ਭਾਈ ਮਨੀ ਸਿੰਘ ਜੀ ਦੀ ਆਯੂ 35 ਕੁ ਵਰ੍ਹੇ ਬਣਦੀ ਹੈ। ਇੱਥੋਂ ਹੀ ਗੁਰੂ ਗੋਬਿੰਦ ਸਿੰਘ ਜੀ ਤੋਂ ਆਗਿਆ ਪਾ ਕੇ ਭਾਈ ਮਨੀ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀਆਂ ਸ਼ੁੱਧ ਨਕਲਾਂ ਤਿਆਰ ਕਰਨ ਦਾ ਕਾਰਜ

ਅਰੰਭਿਆ ਤਾਂ ਕਿ ਧੀਰ ਮੱਲੀਆਂ ਦੇ ਪਏ ਅੜਿੱਕੇ ਨੂੰ ਦੂਰ ਕੀਤਾ ਜਾ ਸਕੇ।

7 ਕੁ ਵਰ੍ਹਿਆਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ ’ਤੇ ‘ਨਾਹਨ’ ਪਧਾਰੇ। ਓਸ ਵਕਤ ਵੀ ਭਾਈ ਮਨੀ ਸਿੰਘ ਜੀ ਗੁਰੂ ਸਾਹਿਬ ਜੀ ਦੇ ਨਾਲ ਸਨ। ਓਸ ਵਕਤ ਤਕ ਭਾਈ ਮਨੀ ਸਿੰਘ ਜੀ ਗੁਰੂ ਜੀ ਦੇ ਹਜ਼ੂਰੀ 52 ਕਵੀਆਂ ਵਿੱਚ ਵੀ ਸ਼ਾਮਿਲ ਸਨ।

**ਕਵੀ ਬਵੰਜਾ ਬੇ ਗੁਰ ਪਾਸ।**
**ਉਨ ਮੈਂ ਗਨਨਾ ਇਨ ਕੀ ਖਾਸ।**

(ਪੰਥ ਪ੍ਰਕਾਸ਼, ਛਾਪ ਛੇਵੀਂ ਨਿਵਾਸ ਉਨਤ੍ਰਹਵੇਂ)

ਇਸ ਤੋਂ ਅਗਲੇ ਸਾਲ 24 ਭਾਦਰੋਂ ਸੁਦੀ ਅਸ਼ਟਮੀ ਸੰਮਤ 1745 ਬਿਕਰਮੀ (24 ਅਗਸਤ 1688 ਈ:) ਨੂੰ ਬਾਬਾ ਰਾਮ ਰਾਇ ਜੀ ਦੀ ਬਰਸੀ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਆਪ ਓਥੇ ਜਾ ਨਾ ਸਕੇ ਤਾਂ ਗੁਰੂ ਸਾਹਿਬ ਜੀ ਨੇ ਆਪਣੀ ਥਾਂ ਭਾਈ ਮਨੀ ਸਿੰਘ, ਦੀਵਾਨ ਨੰਦ ਚੰਦ (ਸੰਘਾ) ਅਤੇ ਪ੍ਰੋਹਿਤ ਦਇਆ ਰਾਮ ਆਦਿ ਚੋਣਵੇਂ 50 ਸਿੱਖ ਭੇਜੇ ਸਨ।

18 ਅੱਸੂ ਸੁਦੀ ਚੌਥ ਸੰਮਤ 1745 ਬਿਕਰਮੀ (18 ਸਤੰਬਰ 1688 ਈ.) ਨੂੰ ਭੰਗਾਣੀ ਦੀ ਜੰਗ ਤੋਂ ਪਿੱਛੋਂ 22 ਚੇਤ੍ਰ ਸੰਮਤ 1747 ਬਿਕਰਮੀ (20 ਮਾਰਚ 1691 ਈ:) ਨੂੰ ਨਦਾਉਣ ਦੀ ਜੰਗ ਦੋਹਾਂ ਵਿੱਚ ਭਾਈ ਮਨੀ ਸਿੰਘ ਜੀ ਨੇ ਆਪਣੀ ਤਾਕਤ ਦਾ ਲੋਹਾ ਮਨਵਾਇਆ।

**ਦਸ ਸਾਤ ਸਤੰ ਸਨ ਬੀਚ ਭਯੋ ਪੰਤਾਲੀਸ ਜੰਗ ਭਯੋ**
**ਯਹ ਗ੍ਰਾਮ ਭੰਗਾਨੀ। ਦੇਸੀ ਦੇਸ ਬਿਖੈ ਤਬ ਤੈ**
**ਬਿਦਤੈ, ਗੁਰ ਬੀਰ ਕਟੈਲ ਮਹਾਨੀ**

(ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ ਲਿਖਤੀ, ਪ੍ਰਤਾ ***51*** ਲਾ. ਗੰਡਾ ਸਿੰਘ ਪਟਿਆਲਾ)

**ਸਿਮਰ ਭੱਟ ਸਤਿਗੁਰ ਅਪਨਾ,**
**ਗਿਆਨ ਬਤਾਵੈ ਸੱਚਾ।**
**ਤਉ ਬੇਖਾ ਪੰਵਾਰ ਬੀਝੇ ਕਾ ਅਥਰਾਕ ਨ,**
**ਤਉ ਬੇਖਾ ਰੱਜਪੂਤੀ ਕਾ ਨੱਕਾ।**
**ਦਿੱਲੀ ਲਗ ਧਾਂਕ ਸੁਨੀ ਤੇਰੀ ਬੱਲੂ,**
**ਤਉ ਜਾਨੇ ਸ਼ਾਹ ਚੁਗੱਤਾ।**
**ਸੁਪੂਤ ਪੋਤਾ ਤਉ ਗਾਂਉ ਮਨੀ ਰਾਮ,**
**ਰੋਸ਼ਨ ਬੰਸ ਜੱਲੇ ਦਾ ਕਿੱਤਾ।**
**ਪੈਲ੍ਹਾਂ ਹੇਠ ਭੰਗਾਨੀ ਮਾਰੀ,**
**ਰਾਨਾ ਘਾਲ ਕੀਆ ਰਨ ਜਿੱਤਾ।**
**ਸਾਕਾ ਕੀਆ ਨਦਾਵਨ ਤੈਂ ਨੇ,**
**ਘਾਲਿਆ ਰਾਨਾ ਬੀਚ ਪਰਬੱਤਾ।**
**ਘੋੜੇ ਬੀਸ ਪਚਾਸ ਗਿਣਤੀ ਕੇ ਆਏ,**
**ਪੈਦਲ ਆਏ ਬਹੁ ਰਜਪੁੱਤਾ।**
**ਧਨ ਧਨ ਮਾਤਾ ਮਧਰੀ ਬਾਈ,**
**ਤਉ ਜਾਇਆ ਮਨੀ ਰਾਮ ਪੂਤ ਸੁਪੱਤਾ।**
**ਸੁਪੂਤ ਬੇਟਾ ਤਾਉ ਗਾਉਂ ਦਿਆਲ ਦਾਸ,**
**ਜੀਤੇ ਜੀ ਦੇਗੇ ਉਬਲਿੱਤਾ।**
**ਜਸ ਜੋੜ ਦੇਸੁ ਭੱਟ ਭਣਿਆ,**



ਗੁਰੂ ਗੋਬਿੰਦ ਸਿੰਘ ਜੀ ਤੋਂ ਆਗਿਆ ਪਾ ਕੇ ਭਾਈ ਮਨੀ ਸਿੰਘ ਜੀ ਨੇ
ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀਆਂ ਸ਼ੁੱਧ ਨਕਲਾਂ ਤਿਆਰ ਕਰਨ ਦਾ ਕਾਰਜ ਕੀਤਾ

**ਅਨੰਦਪੁਰ ਕੇ ਮਲਹਾਨ ਰੁਪਉਂ ਸੇ**
**ਮੁੰਡ ਭੱਟੋਂ ਕਾ ਭਰ ਦਿੱਤਾ।**
**ਕੀ ਬਧਾਈ ਬੇਟੇ ਚਿਤ੍ਰ ਬਚਿਤ੍ਰ ਉਦੇ ਬਿਆਹਿ ਕੀ,**
**ਸਾਲ ਸਤ੍ਰਾਂ ਸੈ ਪਚਾਸ ਸੀਬਿਤਾ।**
**ਮੈਂਹਗੇ ਮੋਲ ਕਰਹੈ ਹੈ ਦੀਏ,**
**ਮੁਰਕੀ ਬੱਚ ਕੱਨੀ ਔ ਬਾਲਿਤਾ।**

(ਭੱਟ ਵਹੀ ਮੁਲਤਾਨੀ ਸਿੰਧੀ)

1748 ਬਿਕਰਮੀ (1691 ਈ.) ਦੀ ਵੈਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਭਾਈ ਮਨੀ ਸਿੰਘ ਜੀ ਨੂੰ ਦੀਵਾਨ ਦੀ ਉੱਚ ਪਦਵੀ ’ਤੇ ਨਿਯੁਕਤ ਕੀਤਾ।

**“ਲਿਖਤੰ ਮਨੀ ਰਾਮ ਬੇਟਾ ਨਾਇਕ ਮਾਈ ਦਾਸ ਕਾ ਪੋਤਾ ਬੱਲੂ ਕਾ, ਪੜਪੋਤਾ ਮਿਲੇ ਕਾ ਜਤੀਆ ਪੰਵਾਰ ਬੰਸ ਬੀਝੇ ਕਾ ਬੰਝਰਉਤ ਜਲਹਾਨਾ ਬਾਸੀ ਅਲੀਪੁਰ ਪਰਗਨਾ ਮੁਲਤਾਨ ਮਿਤੀ 2 ਚੇਤ ਸੰਬਤ 1751 ਕੋ ਗੁਰੂ ਗੋਬਿੰਦ ਰਾਇ ਜੀ ਕੇ ਸਾਥ ਦੀਵਾਨ ਹੋ ਕਰ ਆਏ ਸੁਖ ਦੇ ਇਸਨਾਨ।”**

ਸੰਮਤ 1755 ਬਿਕਰਮੀ (1698 ਈ.) ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਸੰਗਤਾਂ ਦੇ ਨਾਂ ਹੁਕਮਨਾਮੇ ਜਾਰੀ ਕੀਤੇ ਤੇ ਚੜ੍ਹਦੇ ਸਾਲ ਦੀ ਵੈਸਾਖੀ ਨੂੰ ਦੂਰੋਂ ਨੇੜਿਓਂ ਸੰਗਤਾਂ ਹੁੰਮ-ਹੁਮਾ ਕੇ ਪਹੁੰਚੀਆਂ। ਇਸੇ ਦਿਨ ਭਾਈ ਸੰਤੋਖ ਸਿੰਘ ਜੀ ਦੇ ਕਥਨ ਅਨੁਸਾਰ ਭਾਈ ਮਨੀ ਸਿੰਘ ਜੀ ਨੇ ਆਪਣੇ ਪੰਜ ਪੁੱਤਰ ਸਤਿਗੁਰਾਂ ਦੀ ਭੇਟ ਕੀਤੇ ਤੇ ਹਮੇਸ਼ਾਂ ਲਈ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿੱਚ ਰਹਿਣ ਦਾ ਮਨ ਬਣਾ ਲਿਆ,

**ਪੁਰ ਮੁਲਤਾਨ ਅਲੀਪੁਰ ਨੇਰੇ।**
**ਮਾਈ ਦਾਸ ਰਾਜਪੂਤ ਬਸੇਰੇ।**
**ਤਿਸ ਕੇ ਮਨੀ ਰਾਮ ਸੁਤ ਹੋਯੋ।**
**ਆਇ ਤਰਾਂ ਗੁਰ ਦਰਸ਼ਨ ਜੋਯੋ।**
**ਪਾਂਚ ਪੁਤ੍ਰ ਲੈ ਆਪਨੇ ਸਾਥ।**
**ਸ਼ਰਨੀ ਪਰਯੋ ਰਹਿਯੋ ਗੁਰ ਨਾਥ।**
**ਸੋ ਪੰਚਹੁ ਭਰਾਤਾ ਕਰ ਖਰੇ।**
**ਸਿੰਘ ਨਾਮ ਗੁਰ ਤਿਨ ਕੇ ਧਰੇ।**
**ਬਡੋ ਬਚਿਤ੍ਰ ਸਿੰਘ ਭੱਟ ਭਯੋ।**
**ਉਦੇ ਸਿੰਘ ਦੂਸਰ ਬਿਦਤਯੋ।**
**ਅਨਿਕ ਸਿੰਘ ਅਰ ਅਜਬ ਸਿੰਘ ਪੁਨ।**
**ਪੰਚਮ ਭਯੋ ਅਜਾਇਬ ਸਿੰਘ ਗੁਨ।**
**ਅਮ੍ਰਿਤ ਖੰਡੇ ਕੋ ਤਿਨ ਦੀਨਾ।**
**ਮਾਨਹੁ ਪੰਚ ਪਾਂਡਵ ਬਲ ਪੀਨਾ।**
**ਰੰਨ ਮਹਿ ਕਰੇ ਕਰਮ ਜਿਨ ਭੀਖਨ।**
**ਰਿਪੂ ਮਾਰੇ ਜਿਨ ਸ਼ਸਤ੍ਰ ਤੀਖਨ।**

(ਗੁਰ ਪ੍ਰਤਾਪ ਸੂਰਜ ਗ੍ਰੰਥ, ਰੁੱਤ ***3*** ਅੰਸੂ ***20***)

ਭਾਈ ਮਨੀ ਸਿੰਘ ਜੀ ਦੇ 10 ਪੁੱਤਰਾਂ ਦੇ ਨਾਂ ਇਸ ਪ੍ਰਕਾਰ ਹਨ: ਚਿੱਤਰ ਸਿੰਘ, ਬਚਿੱਤਰ ਸਿੰਘ, ਉਦੇ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਗੁਰਬਖ਼ਸ਼ ਸਿੰਘ, ਭਗਵਾਨ ਸਿੰਘ, ਬਲਰਾਮ ਸਿੰਘ ਅਤੇ ਦੇਸਾ ਸਿੰਘ ਰਹਿਤਨਾਮੀਆ। 7 ਪੁੱਤਰ ਸ੍ਰੀ ਸੀਤੋ ਬਾਈ ਜੀ ਦੇ ਕੁੱਖੋਂ ਤੇ 3 ਗੁਰੀਏ ਚੁਹਾਣ ਹਜਾਵਤ ਦੀ ਪੁੱਤਰੀ ਸ੍ਰੀ ਖੇਮੀ ਜੀ ਦੀ ਕੁੱਖ ਤੋਂ ਪੈਦਾ ਹੋਏ ਸਨ।

ਭਾਈ ਮਨੀ ਸਿੰਘ ਜੀ ਦੀਵਾਨ ਹੋਣ ਕਾਰਨ ਅਨੇਕ ਮਾਲੀ, ਸਿਆਸੀ ਤੇ ਪ੍ਰਬੰਧਕ ਮਸਲਿਆਂ ਦੇ ਰੁਝੇਵਿਆਂ ਦੇ ਬਾਵਜੂਦ ਵੀ ਇੰਨਾ ਸਮਾਂ ਕੱਢ ਲੈਂਦੇ ਸਨ ਕਿ ਉਹ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਦੇ ਗਿਆਨੀ ਬਣ ਗਏ। ਆਪ ਜੀ ਸ੍ਰੀ ਅਨੰਦਪੁਰ ਸਾਹਿਬ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੁਣਾਉਂਦੇ ਸਨ।

**ਕਥਾ ਰੋਜ ਗੁਰੂ ਗ੍ਰੰਥ ਕੀ ਸੰਗਤ ਤਾਈਂ ਸੁਨਾਇ।**
**ਅਨੰਦਪੁਰੇ ਕਛੁ ਸਮਾ ਇਮ ਬੀਤ ਗਯੋ ਧੀ ਆਇ।**

(ਸ਼ਹੀਦ ਬਿਲਾਸ)

ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਲੈਣ ਉਪਰੰਤ ਗੁਰੂ ਸਾਹਿਬ ਜੀ ਨੇ ਅੰਮ੍ਰਿਤਸਰ ਸਾਹਿਬ ਦੇ ਸਿੱਖਾਂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਭਾਈ ਮਨੀ ਸਿੰਘ ਜੀ ਨੂੰ ਅਕਾਲ ਬੁੰਗੇ ਦਾ ਸੇਵਾਦਾਰ ਨਿਯੁਕਤ ਕਰ ਕੇ ਆਪ ਦੇ ਨਾਲ ਭਾਈ ਭੂਪਤ ਸਿੰਘ, ਭਾਈ ਗੁਲਜਾਰ ਸਿੰਘ, ਭਾਈ ਕੋਇਰ ਸਿੰਘ ਚੰਦਰਾ, ਭਾਈ ਦਾਨ ਸਿੰਘ ਤੇ ਭਾਈ ਕੀਰਤ ਸਿੰਘ ਨੂੰ ਭੇਜਿਆ।

**ਪ੍ਰਥਮ ਭੁਜੰਗੀ ਵਲ ਮਾਝੇ ਘਲਾਏ।**
**ਦੇ ਦੇ ਪਹੁਲ ਗੁਰੂ ਚੱਕ ਬਹਾਏ।**

(ਪ੍ਰਾਚੀਨ ਪੰਥ ਪ੍ਰਕਾਸ਼, ਛਾਪ ਤੀਸਰੀ, ਪੰਨਾ ***47***)

ਭਾਈ ਸਾਹਿਬ ਜੀ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚ ਕੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਸੰਭਾਲ਼ ਲਈ। ਗੁਰ-ਮਰਿਆਦਾ ਅਨੁਸਾਰ ਭਾਈ ਸਾਹਿਬ ਜੀ ਸ੍ਰੀ ਦਰਬਾਰ ਸਾਹਿਬ ਜੀ ਦੇ ਤੀਸਰੇ ਮੁੱਖ ਗ੍ਰੰਥੀ ਸਥਾਪਿਤ ਹੋਏ। ਪਹਿਲੇ ਬਾਬਾ ਬੁੱਢਾ ਜੀ ਮੱਘਰ ਸੁਦੀ ਚੌਥ ਸੰਮਤ 1688 ਬਿਕਰਮੀ (16 ਨਵੰਬਰ 1631 ਈ.) ਨੂੰ ਸੱਚਖੰਡ ਪਧਾਰ ਗਏ, ਉਹਨਾਂ ਤੋਂ ਬਾਅਦ ਭਾਈ ਗੁਰਦਾਸ ਜੀ ਦੂਸਰੇ ਮੁੱਖ ਗ੍ਰੰਥੀ ਸਨ ਜੋ ਕਿ ਅੰਮ੍ਰਿਤਸਰ ਦੀ ਪਹਿਲੀ ਜੰਗ ਤੋਂ ਬਾਅਦ 25 ਭਾਦਰੋਂ ਸੁਦੀ ਪੰਚਮੀ ਸੰਮਤ 1693 ਬਿਕਰਮੀ (25 ਅਗਸਤ 1636 ਈ.) ਨੂੰ ਸੱਚਖੰਡ ਪਿਆਨਾ ਕਰ ਗਏ। ਤੇ ਬਾਅਦ ਵਿੱਚ ਤੀਸਰੇ ਸਥਾਨ ’ਤੇ ਭਾਈ ਮਨੀ ਸਿੰਘ ਜੀ ਦਾ ਹੀ ਜ਼ਿਕਰ ਆਉਂਦਾ ਹੈ।

ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ-ਸੰਭਾਲ਼ ਕਰਦਿਆਂ ਵੀ ਭਾਈ ਮਨੀ ਸਿੰਘ ਜੀ ਸਿੱਖ ਸੰਗਤਾਂ ਨੂੰ ਨਾਲ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾ ਨੂੰ ਸ੍ਰੀ ਅਨੰਦਪੁਰ ਸਾਹਿਬ ਆਇਆ ਕਰਦੇ ਸਨ।

1 ਸਤੰਬਰ 1700 ਈ. ਨੂੰ ਹਾਥੀ ਨਾਲ ਲੜਨ ਵਾਲੀ ਜੰਗ ਵਿੱਚ, ਜਿੱਥੇ ਭਾਈ ਸਾਹਿਬ ਜੀ ਦੇ ਦੋ ਸਪੁੱਤਰ ਭਾਈ ਬਚਿੱਤਰ ਸਿੰਘ ਤੇ ਭਾਈ ਉਦੇ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਜੀ ਨੇ ਥਾਪੜਾ ਦੇ ਕੇ ਮੈਦਾਨੇ ਜੰਗ ਵਿੱਚ ਮੁਕਾਬਲੇ ਲਈ ਭੇਜਿਆ ਸੀ। ਉਥੇ ਹੀ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਪੁੱਤਰਾਂ ਦੇ ਨਾਲ-ਨਾਲ ਭਾਈ ਮਨੀ ਸਿੰਘ ਜੀ ਨੇ ਵੀ ਉਸ ਜੰਗ ਵਿੱਚ ਹਿੱਸਾ ਲਿਆ ਸੀ।

**ਲੋਹ ਗਢੇ ਬਰ ਬੀਰ ਮਨੀ ਸਿੰਘ**
**ਮੱਦੂਜ ਏ ਭੱਟ ਤੀਰ ਬੁਲਾਯੋ।**
**ਢਾਲ ਕ੍ਰਿਪਾਨ ਬੰਦੂਕ ਕਮਾਨ,**
**ਦਏ ਸਭ ਆਯੁਧ ਮਾਨ ਬਢਾਯੋ।**

(ਵੀਰ ਸਿੰਘ ਬਲ ਕ੍ਰਿਤ ਸਿੰਘ ਸਾਗਰ, ਅਧਿਆਏ *11*)

ਇਸ ਤੋਂ ਬਾਅਦ ਅਗਲੀਆਂ ਜੰਗਾਂ ਵਿੱਚ ਵੀ ਭਾਈ ਸਾਹਿਬ ਜੀ ਸਮੇਤ ਆਪ ਜੀ ਦੇ ਪੁੱਤਰਾਂ ਨੇ ਗੁਰੂ ਸਾਹਿਬ ਜੀ ਦਾ ਥਾਪੜਾ ਲੈ ਕੇ ਆਪਣੀ ਤਾਕਤ ਦੇ ਜੌਹਰ ਵਿਖਾਏ। ਜਿਸ ਤੋਂ ਬਾਅਦ ਗੁਰੂ ਸਾਹਿਬ ਜੀ ਨੇ ਪ੍ਰਸੰਨ ਹੋ ਕੇ ਇੱਕ ਉਚੇਚਾ ਹੁਕਮਨਾਮਾ ਬਖ਼ਸ਼ ਕੇ ਆਪ ਜੀ ਨੂੰ ਨਿਵਾਜਿਆ।

**ੴ ਸਤਿਗੁਰ ਪ੍ਰਸਾਦਿ॥**

**ਸ੍ਰੀ ਸਤਿਗੁਰੂ ਜੀ ਕੀ ਆਗਿਆ ਹੈ॥ ਭਾਈ ਬਚਿੱਤ੍ਰ ਸਿੰਘ ਜੀ॥ ਭਾਈ ਉਦੇ ਸਿੰਘ ਜੀ॥ ਭਾਈ ਅਨਿਕ ਸਿੰਘ ਜੀ॥ ਭਾਈ ਅਜਬ ਸਿੰਘ ਜੀ॥ ਭਾਈ ਅਜਾਇਬ ਸਿੰਘ ਜੀ॥ ਨਾਇਕ ਮਾਈ ਦਾਸ ਵੋਇ ਮਨੀ ਸਿੰਘ ਨੂੰ ਵਾਹਗੁਰੂ ਸਰਮ ਰਖੇਗਾ॥ ਤੁਸੀਂ ਮੇਰੇ ਪੁੱਤਰ ਫਰਜੰਦਹ ਖਾਨ ਜਾਦ ਹੋ॥ ਤੁਸਾਂ ਉਪਰ ਮੇਰੀ ਖੁਸੀ ਹੈ। ਸਭ ਵਰਤਾਰੇ ਕੇ ਤੁਸੀਂ ਮਹਿਰਮ ਹੋ॥ ਹੋਰ ਕੌਡੀ ਦਮੜੀ ਪੈਸਾ ਧੇਲਾ ਰੁਪੈਆ ਰਛਿਆ ਦਾ। ਜੋ ਅਸਾਨੂ ਦੇਹਿਗਾ॥ ਇਹ ਮੇਰੇ ਪੁੱਤ੍ਰ ਫਰਜੰਦ ਹੈਨਿ॥ ਸਿੱਖਾਂ ਪੁੱਤਾਂ ਦਾ ਵਾਦਾ ਵ ਲਾ ਹੈ॥ ਜੇ ਲੋਚ ਕੇ ਸੇਵਾ ਕਰੋਗੇ ਤੁਸਾਡੀ ਸੇਵਾ ਦਰਗਾਹਿ ਥਾਇ ਪਵੈਗੀ॥ ਤੁਸਾਂ ਉਪਰ ਵਾਹਿਗੁਰੂ ਰਛਿਆ ਕਰੇਗਾ॥**

(ਸੰਮਤ *1760* ਮਿਤੀ ਕੱਤਕ *1*)

ਲੇਖ ਦੇ ਆਕਾਰ ਨੂੰ ਮੁੱਖ ਰੱਖਦੇ ਹੋਏ ਭਾਈ ਸਾਹਿਬ ਜੀ ਸਾਰੇ ਜੀਵਨ ਬਾਰੇ ਲਿਖਣਾ ਮੁਸ਼ਕਿਲ ਹੈ। ਇਸ ਲਈ ਤਾਂ ਕਈ ਹਜ਼ਾਰਾਂ ਪੰਨਿਆਂ ਦੀ ਕਿਤਾਬ ਭਰ ਜਾਵੇਗੀ

ਸਾਧੂ ਦਿਆਲ ਦਾਸ ਕ੍ਰਿਤ 'ਦੌਰੇ ਦੀ ਸਾਖੀ' ਪੋਥੀ ਵਿੱਚ ਲਿਖਦਾ ਹੈ ਕਿ **"ਗੁਰੂ ਜੀ ਦੇ ਦੱਖਣ ਜਾਣੇ ਕੀ ਤਿਆਰੀ ਕੀਤੀ। ਸੁਣ ਕੇ ਗੁਰੂ ਜੀ ਦਾ ਬਾਕ ਸਰਬਤ੍ਰ ਖ਼ਾਲਸੇ ਨੇੜੇ ਦੂਰ ਕੇ ਹੁਮ ਹੁਮਾ ਕੇ ਆਏ ਦਰਸਨਾ ਨੂੰ। ਭਾਈ ਰੂਪੇ ਦੇ ਧਰਮ ਸਿੰਘ ਆਇਆ। ਅੰਮ੍ਰਿਤਸਰ ਤੇ ਮਨੀ ਸਿੰਘ ਜੀ ਆਏ ਸੰਗਤ ਕੋ ਸਾਥ ਲੈ ਕੇ। ਰਾਮ ਦਾਸੋ ਭਾਈ ਗੁਰਬਖਸ ਸਿੰਘ ਜੀ ਆਏ, ਸੰਗਤ ਕੋ ਸਾਥ ਲੈ ਕੇ। ਆਪਣੀ ਆਪਣੀ ਭੇਟਾ ਸਰਬਤ੍ਰ ਨੇ। ਦਰਬਾਰੀ ਘਰਬਾਰੀ ਦੀਵਾਨ ਸੇ ਗੁਰੂ ਜੀ ਕੇ, ਉਨਾਂ ਬੇਨਤੀ ਕੀਤੀ, ਪਾਤਿਸ਼ਾਹ। ਸਭ ਸਿੱਖ ਕੋਈ ਚਲਿਆ ਆਵਦਾ ਹੈ। ਦਖਣ ਭੱਠ ਪਈ ਕਾ ਕੀ ਨਾਉ ਲੈਂਦੇ ਹਉ।"**

**"ਗੁਰੂ ਜੀ ਬਚਨ ਕੀਤਾ, ਨਾ ਵੇ! ਸਾਡਾ ਕੰਮ ਹੀ ਹੈ, ਅਸਾ ਨੂੰ ਜਰੂਰ ਜਾਣਾ ਹੀ ਹੈ। ਭਾਈ ਗੁਰਬਖਸ਼ ਸਿੰਘ, ਭਾਈ ਮਨੀ ਸਿੰਘ , ਭਾਈ ਧਰਮ ਸਿੰਘ, ਦਾਨ ਸਿੰਘ ਕਾ ਬੇਟਾ, ਗੁਰਬਖਸ ਸਿੰਘ, ਭਾਈ ਸੰਤੋਖ ਸਿੰਘ ਏ ਪੰਜੇ ਨਾਮਦਾਰ ਗੁਰੂ ਜੀ ਕੇ ਸਾਥ ਹੀ ਚੜ੍ਹੇ ਚਰਨ ਕਮਲੋਂ**

**ਦਸਮੇਸ਼ ਪਿਤਾ ਜੀ ਵੱਲੋਂ ਪ੍ਰਸੰਨ ਹੋ ਕੇ ਭਾਈ ਮਨੀ ਸਿੰਘ ਜੀ ਨੂੰ ਬਖ਼ਸ਼ੇ ਹੁਕਮਨਾਮੇ ਦੀ ਤਸਵੀਰ**



**ਕੇ, ਕਤਿਕ ਸੁਦੀ ਤਿਥਿ ਪੰਚਮੀ ਸਵਾ ਪਹਿਰ ਦਿਨ ਚੜ੍ਹੇ ਕੂਚ ਕੀਆ ਦਖਣ ਕਉ।"**

ਸ਼ਹੀਦ ਬਿਲਾਸ ਦੇ ਅਨੁਸਾਰ ਭਾਈ ਮਨੀ ਸਿੰਘ ਜੀ ਬਘੌਰ ਤੋਂ ਵਾਪਿਸ ਅੰਮ੍ਰਿਤਸਰ ਸਾਹਿਬ ਆ ਗਏ ਸਨ। ਗੁਰੂ ਸਾਹਿਬ ਜੀ ਦੇ ਦੱਖਣ ਜਾਣ ਤੋਂ ਬਾਅਦ ਸਿੱਖਾਂ ਵਿੱਚ ਕੁਝ ਉਦਾਸੀ ਛਾ ਗਈ ਸੀ। ਭਾਈ ਸਾਹਿਬ ਨੇ ਵਾਪਸ ਆ ਕੇ ਇਸ ਉਦਾਸੀ ਨੂੰ ਦੂਰ ਕਰਨ ਲਈ ਬਾਬਾਣੀਆਂ-ਕਹਾਣੀਆਂ ਕਰਨ ਦਾ ਢੰਗ ਸੋਚਿਆ। ਦਸਵੇਂ ਪਾਤਿਸ਼ਾਹ ਜੀ ਦੇ ਜੋਤੀ-ਜੋਤ ਸਮਾਉਣ ਉਪਰੰਤ ਸਿੱਖੀ ਦੀ ਲਹਿਰ ਨੂੰ ਸੋਕੇ ਦਾ ਖ਼ਤਰਾ ਸੀ। ਭਾਈ ਸਾਹਿਬ ਜੀ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਵੈਸਾਖੀ ਸ੍ਰੀ ਅੰਮ੍ਰਿਤਸਰ ਸਾਹਿਬ ਮਨਾਉਣ ਲਈ ਦੂਰ ਦੂਰ ਤਕ ਪੱਤਰ ਘੱਲੇ। ਇਹ ਢੰਗ ਜਥੇਬੰਦੀ ਨੂੰ ਮਜਬੂਤ ਕਰਨ ਦਾ ਸੀ।

ਉਪਰੰਤ ਬਾਬਾ ਬੰਦਾ ਸਿੰਘ ਜੀ ਬਹਾਦੁਰ ਦਾ ਪੰਜਾਬ ਆਉਣਾ ਤੇ ਪਹਿਲਾ ਸਿੱਖ ਰਾਜ ਕਾਇਮ ਕਰਨ ਵੇਲੇ ਵੀ ਭਾਈ ਮਨੀ ਸਿੰਘ ਜੀ ਦੁਆਰਾ ਚਲਾਈ ਹੋਈ ਲਹਿਰ ਦਾ ਉਸ ਵਿੱਚ ਬਹੁਤ ਸਹਿਯੋਗ ਸੀ। ਉਸ ਵਿੱਚ 'ਤੱਤ ਖ਼ਾਲਸਾ' ਤੇ 'ਬੰਦਈ ਖ਼ਾਲਸਾ' ਦੇ ਝਗੜੇ ਦਾ ਨਿਪਟਾਰਾ ਵੀ ਇੱਕ ਬਹੁਤ ਸ਼ਲਾਘਾਯੋਗ ਫ਼ੈਸਲਾ ਸੀ। ਓਸ ਵੇਲੇ ਤਕ ਭਾਈ ਸਾਹਿਬ ਜੀ ਉਮਰ 80 ਕੁ ਸਾਲ ਦੇ ਲਗਭਗ ਸੀ। ਬੇਸ਼ੱਕ ਆਪ ਜੀ ਜੰਗ ਦੇ ਮੈਦਾਨਾਂ ਵਿੱਚ ਓਸ ਵੇਲੇ ਅਗਵਾਈ ਨਹੀਂ ਸੀ ਕਰ ਰਹੇ ਪਰ ਇੱਕ ਸੁਲ਼ਝੇ ਤੇ ਸਮਝਦਾਰ ਘਰ ਦੇ ਬਜ਼ੁਰਗ ਬਣ ਕੇ ਸਿੱਖਾਂ ਦੇ ਜਥਿਆਂ ਦੀ ਅਗਵਾਈ ਕਰਦੇ ਸਨ।

ਅਖ਼ੀਰ 90 ਵਰ੍ਹਿਆਂ ਦੀ ਉਮਰ ਵਿੱਚ ਦਿਵਾਲੀ ਦੇ ਇਕੱਠ ਦੀ ਮਨਜੂਰੀ ਲਈ ਸਰਕਾਰ ਨਾਲ ਕੀਤੇ ਕਰਾਰ ਜੋ ਕਿ ਸਰਕਾਰ ਦੀਆਂ ਨੀਤੀਆਂ ਨੇ ਹੀ ਤੁੜਵਾਇਆ ਜਦੋਂ ਉਸ ਦੀ ਰਕਮ ਭਾਈ ਸਾਹਿਬ ਜੀ ਨੇ ਨਾ ਦਿੱਤੀ ਤਾਂ ਉਹਨਾਂ ਨੂੰ ਹਾੜ ਸੁਦੀ ਪੰਚਮੀ ਸੰਮਤ 1791 ਬਿਕਰਮੀ (24 ਜੂਨ 1734 ਈ.) ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ।

ਮਨੀ ਸਿੰਘ ਮਾਈ ਦਾਸ ਕਾ, ਪੋਤਾ ਬਲੂ ਕਾ, ਪੜਪੋਤਾ ਮੂਲੇ ਕਾ, ਸ਼ਾਹੀ ਹੁਕਮ ਗੈਲ ਅਸਾਢ ਸੁਦੀ ਪੰਚਮੀ ਸੰਬਤ 1791 ਕੋ ਲਾਹੌਰ ਕੇ ਮਲਹਾਨ 6 ਘੜੀ ਦਿਨ ਚਢੇ ਬੰਦ ਬੰਦ ਕਾਟਾ। ਭੂੰ ਕਾਟ ਆਇਆ, ਗੈਲੋਂ ਜਗਤ ਸਿੰਘ ਬੇਟਾ ਮਾਈ ਦਾਸ ਕਾ, ਚਿਤ੍ਰ ਸਿੰਘ ਬੇਟਾ ਮਨੀ ਸਿੰਘ ਕਾ, ਗੁਰਬਖਸ ਸਿੰਘ ਬੇਟਾ ਮਨੀ ਸਿੰਘ ਕਾ ਮਾਰੇ ਗਏ। ਆਗੇ ਗੁਰੂ ਭਾਨੇ ਕਾ ਖਾਵਿੰਦ, ਗੁਰੂ ਗੁਰੂ ਜਨਮ ਸਵਰੇਗਾ।

ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਨੂੰ ਕੋਟ-ਕੋਟ ਪ੍ਰਣਾਮ! ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਤੇ ਪੂਰਾ ਪਰਿਵਾਰ ਰਿਸ਼ਤੇਦਾਰੀਆਂ ਸਮੇਤ ਗੁਰੂ ਘਰ ਦੇ ਲੇਖੇ ਲਾਇਆ।

* * * *

## ਅੱਤਵਾਦੀ ਕੌਣ ; 10 ਨੰਬਰ ਪੰਨੇ ਦਾ ਬਾਕੀ ਹਿੱਸਾ

ਸਿਪਾਹੀ, ਧਰਮੀ ਯੋਧੇ, ਬਾਬਾ-ਏ-ਕੌਮ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਰੂਹਾਨੀਅਤ ਅਤੇ ਜਰਨੈਲੀ ਸ਼ਖ਼ਸੀਅਤ ਦਾ ਕੁਝ ਨਹੀਂ ਵਿਗਾੜ ਸਕਦੀ।

ਅੱਵਤਾਦੀ ਤਾਂ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਸੀ ਜਿਸ ਨੇ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕੀਤਾ। ਅੱਤਵਾਦੀ ਤਾਂ ਜਗਦੀਸ਼ ਟਾਇਟਲਰ, ਸੱਜਣ ਕੁਮਾਰ, ਕਮਲ ਨਾਥ, ਲਲਿਤ ਮਾਕਨ, ਅਰਜਨ ਦਾਸ ਆਦਿਕ ਹਨ। ਅੱਤਵਾਦੀ ਤਾਂ ਅਰੁਣ ਸ੍ਰੀਧਰ ਵੈਦਿਆ ਤੇ ਕੁਲਦੀਪ ਬਰਾੜ ਹਨ। ਅੱਤਵਾਦੀ ਤਾਂ ਕੇ.ਪੀ.ਐੱਸ. ਗਿੱਲ ਅਤੇ ਬਿਅੰਤਾ ਬੁੱਚੜ ਸੀ। ਅੱਤਵਾਦੀ ਤਾਂ ਭਾਜਪਾ ਦੇ ਉਹ ਆਗੂ ਹਨ ਜੋ ਸਿੱਖਾਂ ਅਤੇ ਮੁਸਲਮਾਨਾਂ ਦਾ ਕਤਲੇਆਮ ਕਰਨ ਦੀਆਂ ਅਕਸਰ ਹੀ ਮੀਡੀਆ 'ਚ ਧਮਕੀਆਂ ਦਿੰਦੇ ਹਨ। ਅੱਤਵਾਦੀ ਤਾਂ ਮੋਦੀ ਸਰਕਾਰ ਹੈ ਜਿਸ ਦੇ ਕਾਰਨ 700 ਕਿਸਾਨ ਦਿੱਲੀ ਮੋਰਚੇ 'ਚ ਸੰਘਰਸ਼ ਦੇ ਲੇਖੇ ਲਗ ਗਏ। ਅੱਤਵਾਦੀ ਤਾਂ ਕਰਨਲ ਪੁਰੋਹਿਤ ਤੇ ਸਾਧਵੀ ਪ੍ਰਗਿਆ ਹੈ ਜਿਸ ਨੇ ਬੰਬ ਧਮਾਕੇ ਕੀਤੇ। ਅੱਤਵਾਦੀ ਤਾਂ ਮੋਹਨ ਭਾਗਵਤ ਤੇ ਅਡਵਾਨੀ ਵਰਗੇ ਹਨ। ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਨੇ ਕਿਹਾ ਸੀ ਕਿ "ਅਸੀਂ ਅੱਤਵਾਦੀ ਨਹੀਂ ਬਲਕਿ ਹਿੰਦੁਸਤਾਨ ਦੀ ਸਰਕਾਰ ਦੀ ਅੱਤ ਦਾ ਅੰਤ ਕਰਨ ਵਾਲੇ ਹਾਂ।" ਸੰਤ ਭਿੰਡਰਾਂਵਾਲ਼ਿਆਂ ਨੂੰ ਅੱਤਵਾਦੀ ਕਹਿਣ ਵਾਲ਼ੀ ਹਿੰਦੂ ਸਰਕਾਰ ਲਈ ਤਾਂ ਹਰ ਉਹ ਸੱਚਾ ਸਿੱਖ ਅੱਤਵਾਦੀ ਹੈ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਆਸ਼ੇ ਅਨੁਸਾਰ ਚੱਲਦਾ ਹੈ। ਇਸ ਗੱਲ ਬਾਰੇ ਹੋਰ ਵਿਸਥਾਰ ਅਗਲੇ ਲੇਖ ਵਿੱਚ ਕਰਾਂਗਾ ਸੰਗਤ ਜੀ।

* * * *



– ਜਥੇਦਾਰ ਮਹਿੰਦਰ ਸਿੰਘ ਯੂ.ਕੇ.

# ਸਤਿਗੁਰੂ ਨਾਨਕ ਦੀ ਸਿੱਖੀ ਨੂੰ ਸਮਰਪਿਤ ਸਿੱਖ ਹੀ ਤਨ ਆਰੇ ਨਾਲ ਚਿਰਵਾ ਕੇ ਤੇ ਉਬਲ਼ਦੀ ਦੇਗ਼ ਵਿੱਚ ਬੈਠ ਕੇ ਸ਼ਹੀਦੀ ਪ੍ਰਾਪਤ ਕਰ ਸਕਦਾ ਹੈ

## ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਹਿੰਦੂ ਨਹੀਂ, ਸਿੱਖ ਸਨ

ਦਾਸ ਨੇ ਹੇਠਲੇ ਲੇਖ ਨੂੰ ਤਿੰਨਾਂ ਹਿੱਸਿਆਂ ਵਿੱਚ ਵੰਡਿਆ ਹੈ:

1. ਭਾਈ ਸਤੀ ਦਾਸ, ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਹਿੰਦੂਆਂ ਵਜੋਂ ਪ੍ਰਚਾਰਨ ਦੀ ਯੋਜਨਾ, ਪ੍ਰਕਾਸ਼ ਸਿੰਘ ਬਾਦਲ ਤੇ ਆਰ.ਐਸ.ਐਸ. ਨੇ 'ਬ੍ਰਾਹਮਣ ਸਭਾ ਪੰਜਾਬ' ਨਾਲ ਮਿਲ ਕੇ ਕਿਵੇਂ ਬਣਾਈ?

2. ਨਾਨਕ ਨਾਮ ਲੇਵਾ ਸਿੱਖਾਂ ਦੇ ਨਾਵਾਂ ਦੀ ਬਦਲੀ 1699 ਦੀ ਵੈਸਾਖੀ ਨੂੰ ਅਨੰਦਪੁਰ ਸ੍ਰੀ ਕੇਸਗੜ੍ਹ ਸਾਹਿਬ ਵਿੱਖੇ ਹੋਈ। ਜਦੋਂ ਦਸਮੇਸ਼ ਪਿਤਾ ਨੇ ਚਰਨ-ਪਾਹੁਲ ਨੂੰ ਖੰਡੇ ਦੀ ਪਾਹੁਲ ਵਿੱਚ ਬਦਲ ਕੇ ਆਪਣੀ ਨਾਦੀ ਸੰਤਾਨ ਨੂੰ 'ਸਿੰਘ' ਅਤੇ 'ਕੌਰ' ਦਾ ਕੌਮੀ ਨਾਂ ਬਖ਼ਸ਼ਿਸ਼ ਕੀਤਾ। ਗੁਰੂ ਨਾਨਕ ਸਾਹਿਬ ਦੀ ਚਰਨ ਪਾਹੁਲ ਲੈਣ ਤੋਂ ਬਾਅਦ ਹਰ ਕੋਈ 'ਨਾਨਕ ਨਾਮ ਲੇਵਾ ਸਿੱਖ' ਸੀ । ਪਰ ਉਸ ਦਾ ਨਾਂ ਨਹੀਂ ਸੀ ਬਦਲਿਆ ਜਾਂਦਾ। ਗੁਰੂ ਨਾਨਕ ਸਾਹਿਬ ਦੀ ਸੰਗਤ ਲਈ ਦਰਵਾਜ਼ੇ ਸਾਰਿਆਂ ਲਈ ਖੁੱਲ੍ਹੇ ਸਨ, ਪਰ ਇਹ ਚੌਖਟ ਨਹੀਂ ਸਨ, ਭਾਵ ਜਿੱਥੇ ਰੰਗ, ਨਸਲ, ਜਾਤ ਅਤੇ ਧਰਮ ਦਾ ਕੋਈ ਭੇਦ ਭਾਵ ਨਹੀਂ ਸੀ । ਓਥੇ ਸਿੱਖੀ ਦੀ ਵਿਚਾਰਧਾਰਾ, ਸੰਕਲਪ, ਸਰੂਪ ਤੇ ਸਿਧਾਂਤ ਵਿੱਚ ਕਿਸੇ ਨੂੰ ਕੋਈ ਛੋਟ ਨਹੀਂ ਸੀ।

3. ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦਾ ਪਰਿਵਾਰਿਕ ਸਿੱਖੀ ਪਿਛੋਕੜ ਤੇ ਸ਼ਹਾਦਤ ।

1999 ਵਿੱਚ ਸਿੱਖ ਕੌਮ ਨੇ ਆਪਣਾ 300 ਸਾਲਾ ਦਿਹਾੜਾ ਮਨਾਉਣ ਦਾ ਟੀਚਾ ਮਿੱਥਿਆ। ਉਸ ਵੇਲੇ ਕੇਂਦਰ ਵਿੱਚ ਸਰਕਾਰ ਭਾਜਪਾ ਤੇ ਪੰਜਾਬ ਵਿੱਚ ਇਹਨਾਂ ਦੇ 'ਵਭੀਸ਼ਣ' ਬਾਦਲ ਦੀ ਸੀ ।

ਸੈਂਟਰ ਸਰਕਾਰ ਨੇ 300 ਸਾਲਾਂ ਜਸ਼ਨਾਂ ਨੂੰ ਮਨਾਉਣ ਲਈ 100 ਕਰੋੜ ਰੁਪਏ ਦਿੱਤੇ। ਇਸ ਵਿੱਚੋਂ 50 ਕਰੋੜ ਰੁਪਏ ਆਰ.ਐਸ.ਐਸ. ਨੂੰ ਪਿੰਡਾਂ ਵਿੱਚ ਪ੍ਰਚਾਰ ਕਰਨ ਲਈ ਦਿੱਤੇ । ਸੈਂਟਰ ਤੋਂ ਭਾਜਪਾ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਹਦਾਇਤ ਕਰ ਦਿੱਤੀ ਕਿ ਜੇ ਪੰਜ ਸਾਲ ਰਾਜ ਕਰਨਾ ਤਾਂ ਆਰ.ਐਸ.ਐਸ. ਨੂੰ ਪਿੰਡਾਂ ਵਿੱਚ ਪ੍ਰਚਾਰ ਕਰਨ ਤੋਂ ਰੋਕਣ ਦੀ ਹੀਆ ਨਾ ਕਰਨਾ। ਆਰ.ਐਸ.ਐਸ. ਨੇ 50 ਕਰੋੜ ਰੁਪਏ ਤੇ ਮੁਰਲੀ ਮਨੋਹਰ ਜੋਸ਼ੀ ਦੀ 'ਐਚ.ਆਰ.ਡੀ.' ਤੋਂ ਕਰੋੜਾਂ ਰੁਪਏ ਲੈ ਕੇ 2000 ਨਕਲੀ ਸਿੱਖ ਜਾ ਕੇ ਪਿੰਡਾਂ ਵਿੱਚ ਪ੍ਰਚਾਰ ਕਰਨ ਲੱਗੇ। ਇਹ ਨਕਲੀ ਸਿੱਖਾਂ ਵੱਲੋਂ ਪਿੰਡਾਂ ਵਿੱਚ ਜਾ ਕੇ ਜਿੱਥੇ ਇਹ ਪ੍ਰਚਾਰ ਕਰਨਾ ਸੀ ਕਿ ਸਿੱਖ ਹਿੰਦੂ ਹਨ, 'ਸੰਗਤ' ਹੀ ਖਾਲਸਾ ਹੈ, ਖ਼ਾਲਸਾ ਹਿੰਦੂਆਂ ਦੀ ਰੱਖਿਆ ਲਈ ਸਾਜਿਆ ਗਿਆ, ਓਥੇ ਇਹ ਵੀ ਉਹਨਾਂ ਦੇ ਪ੍ਰਚਾਰ ਦਾ ਹਿੱਸਾ ਸੀ ਕਿ ਛੋਟੇ ਸਾਹਿਬਜ਼ਾਦਿਆਂ ਨੂੰ ਸੂਬੇ ਸਰਹੰਦ ਵਜ਼ੀਦ ਖਾਂ ਦੇ ਹਵਾਲੇ ਕਰ ਕੇ ਸ਼ਹੀਦ ਕਰਵਾਉਣ ਵਾਲੇ ਗੰਗੂ ਬ੍ਰਾਹਮਣ ਦਾ ਨਾਂ ਬਦਲ ਕੇ ਗੰਗ-ਉਲ-ਹੱਕ ਦੇ ਨਾਂ ਵਜੋਂ ਪ੍ਰਚਾਰਿਆ ਜਾਵੇ। ਇਸੇ ਤਰ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਨਾਲ ਸ਼ਹੀਦ ਹੋਣ ਵਾਲੇ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਨੂੰ 'ਸ਼ਰਮਾ' ਲਿਖ ਕੇ ਹਿੰਦੂ ਸਾਬਤ ਕੀਤਾ ਜਾਵੇ।



ਸ਼ਹੀਦ ਭਾਈ ਦਿਆਲਾ ਜੀ

(ਨੋਟ: ਨਵੰਬਰ 2006 'ਸੈਲਾਬ' ਮੈਗਜ਼ੀਨ ਦੇ ਪੰਨਾ 33 ਉੱਤੇ 'ਖ਼ਾਲਸਾ ਪੰਚਾਇਤ' ਵੱਲੋਂ ਇੱਕ ਲੰਬਾ-ਚੌੜਾ ਲੇਖ ਛਪਿਆ ਸੀ। ਦਾਸ ਨੇ ਆਪਣੇ ਲੇਖ ਨਾਲ਼ ਸੰਬੰਧਤ ਉਕਤ ਕੁਝ ਤੁਕਾਂ ਉਸ ਲੇਖ ਵਿੱਚੋਂ ਲਈਆਂ ਹਨ। ਇਸੇ ਹੀ ਵਿਸ਼ੇ ਨਾਲ ਸਬੰਧਤ 27-6-2013 'ਪੰਜਾਬ ਟਾਈਮਜ਼' ਦੇ ਪੰਨਾ 73 ਉੱਤੇ ਡਾ: ਅਮਰਜੀਤ ਸਿੰਘ ਵਾਸ਼ਿੰਗਟਨ ਦਾ ਇੱਕ ਲੇਖ ਇਸ ਸਿਰਲੇਖ ਹੇਠ ਛਪਿਆ ਸੀ: "ਬਾਦਲ ਵੱਲੋਂ ਸਿੱਖ ਕੌਮ ਅਤੇ ਸਿੱਖ ਇਤਿਹਾਸ ਦਾ ਕੀਤਾ ਜਾ ਰਿਹਾ ਸੱਤਿਆਨਾਸ, ਮਹਾਨ ਸਿੱਖ ਸ਼ਹੀਦਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਨੂੰ 'ਪੰਜਾਬ ਬ੍ਰਾਹਮਣ ਸਭਾ' ਦੀ ਝੋਲ਼ੀ ਪਾਇਆ।"

ਲੇਖਕ ਨੇ ਇਸ ਲੇਖ ਵਿੱਚ 'ਜਾਗਰਣ' ਅਖ਼ਬਾਰ 'ਚ ਛਪੀ ਇੱਕ ਖ਼ਬਰ ਅਤੇ ਜੰਮੂ-ਕਸ਼ਮੀਰ ਦੇ ਸਿੱਖਾਂ ਵੱਲੋਂ ਪ੍ਰਕਾਸ਼ ਸਿੰਘ ਬਾਦਲ ਦੇ ਇਸ ਬਿਆਨ ਦਾ ਵਿਰੋਧ ਕੀਤਾ ਗਿਆ। ਜਿਸ ਵਿੱਚ ਬਾਦਲ ਨੇ ਕਿਹਾ ਕਿ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਨੂੰ 'ਹਿੰਦੂ' ਸਿੱਧ ਕਰਨ ਲਈ 'ਬ੍ਰਾਹਮਣ ਸਭਾ ਪੰਜਾਬ' ਵੱਲੋਂ ਬਣਾਈ ਜਾ ਰਹੀ ਯਾਦਗਾਰ ਲਈ ਬਾਦਲ ਸਰਕਾਰ ਵੱਲੋਂ 50 ਲੱਖ ਰੁਪਏ ਦਿੱਤੇ ਜਾਣਗੇ, ਦਾ ਹਵਾਲਾ ਦਿੱਤਾ ਹੈ।

'ਬਾਦਲ ਵੱਲੋਂ ਸਿੱਖ ਕੌਮ ਅਤੇ ਸਿੱਖ ਇਤਿਹਾਸ ਦਾ ਕੀਤਾ ਜਾ ਰਿਹਾ ਹੈ ਸਤਿਆਨਾਸ' ਲੇਖ ਦਾ ਸਾਰਅੰਸ਼ ਹੈ ਕਿ: ਪੰਜਾਬ ਦੇ ਮੁੱਖ ਮੰਤਰੀ (2013 ਵਿੱਚ) ਪ੍ਰਕਾਸ਼ ਸਿੰਘ ਬਾਦਲ ਨੇ ਕਿਸੇ ਹਿੰਦੂ ਮੰਦਰ ਵਿੱਚ ਜਾ ਕੇ ਇਹ ਸਹੁੰ ਖਾਧੀ ਜਾਪਦੀ ਹੈ ਕਿ ਉਹ ਨਿਵੇਕਲੇ ਸਿੱਖ ਧਰਮ, ਸਿੱਖ ਇਤਿਹਾਸ ਅਤੇ ਸਿੱਖ ਕੌਮ ਨੂੰ ਮਰਨ ਤੋਂ ਪਹਿਲਾਂ ਹਿੰਦੂਤਵ ਦੇ ਸਮੁੰਦਰ ਵਿੱਚ ਗਰਕ ਕਰ ਕੇ ਹੀ ਰਹੇਗਾ। (ਨੋਟ: ਲੇਖ ਦੀ ਉਕਤ ਭਵਿੱਖਵਾਣੀ ਸੱਚ ਸਾਬਤ ਹੋਈ ਹੈ)

ਪੰਜਾਬ ਵਿੱਚ ਇਸ ਵੇਲੇ ਕਾਫ਼ੀ ਪ੍ਰਸਿੱਧ ਅਖ਼ਬਾਰ 'ਜਾਗਰਣ' ਵਿੱਚ ਇੱਕ ਖ਼ਬਰ, ਹਿੰਦੂ ਧਰਮ ਦੀ ਰੱਖਿਆ ਲਈ ਸ਼ਹੀਦ ਹੋਣ ਵਾਲਿਆਂ ਦੀ ਬਣੇਗੀ ਯਾਦਗਾਰ ਦੇ ਸਿਰਲੇਖ ਹੇਠ ਪ੍ਰਕਾਸ਼ਤ ਹੋਈ ਹੈ। ਇਸ ਖ਼ਬਰ ਦਾ ਵੇਰਵਾ ਆਪਣੇ ਆਪ ਵਿੱਚ ਹੀ ਦਰਸਾ ਰਿਹਾ ਹੈ ਕਿ ਪੰਜਾਬ ਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਿਵੇਂ ਸਿੱਖ ਧਰਮ ਦੀ ਨਿਵੇਕਲੀ ਤੇ ਸੁਤੰਤਰ ਹੋਂਦ ਹਸਤੀ ਦਾ ਸਤਿਆਨਾਸ ਕਰਨ 'ਤੇ ਤੁਲਿਆ ਹੋਇਆ ਹੈ।

ਇਸ ਖ਼ਬਰ ਦੇ ਵੇਰਵੇ ਅਨੁਸਾਰ "ਹਿੰਦੂ ਧਰਮ ਦੀ ਰੱਖਿਆ ਵਾਸਤੇ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਸ਼ਹੀਦ ਹੋਣ ਵਾਲੇ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀ ਯਾਦਗਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਣਾਈ ਜਾਵੇਗੀ। ਇਹ ਜਾਣਕਾਰੀ ਅੱਜ ਪੰਜਾਬ ਦੇ ਮੁੱਖ ਮੰਤਰੀ ਬਾਦਲ ਨੇ ਪਿੰਡ ਖਾਟੀ ਵਿੱਚ 'ਬ੍ਰਾਹਮਣ ਸਭਾ ਪੰਜਾਬ' ਵੱਲੋਂ ਭਗਵਾਨ ਪਰਸ਼ੂਰਾਮ ਜੀ ਦੇ ਤਪ ਅਸਥਾਨ ਵਿਖੇ ਸੂਬਾ ਪੱਧਰੀ ਮਹਾਂਸੰਮੇਲਨ ਨੂੰ ਸੰਬੋਧਨ ਕਰਦਿਆਂ ਦਿੱਤੀ। ਉਹਨਾਂ ਨੇ 'ਖਾਟੀ ਧਾਮ' ਅਸਥਾਨ ਦੀ ਇਮਾਰਤ ਲਈ 50 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ।"

ਪ੍ਰਕਾਸ਼ ਸਿੰਘ ਬਾਦਲ ਵੱਲੋਂ 'ਪੰਜਾਬ ਬ੍ਰਾਹਮਣ ਸਭਾ' ਦੇ 'ਪਰਸ਼ੂਰਾਮ ਸਮਾਗਮ' ਵਿੱਚ ਜਾ ਕੇ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਯਾਦਗਾਰ ਬਣਾਉਣ ਦਾ ਐਲਾਨ ਕਰ ਕੇ ਇਹ ਸਪਸ਼ਟ ਸੁਨੇਹਾ ਦੇਣਾ ਸੀ ਕਿ ਸਿੱਖ ਧਰਮ ਵਿੱਚ ਯਕੀਨ ਰੱਖਣ ਵਾਲੇ ਇਹ ਤਿੰਨੇ ਸ਼ਹੀਦ, ਸਿੱਖ ਨਹੀਂ ਸਨ, ਬ੍ਰਾਹਮਣ ਸਨ ਜਿਨ੍ਹਾਂ ਨੇ ਹਿੰਦੂ ਧਰਮ ਦੀ ਰੱਖਿਆ ਲਈ ਸ਼ਹੀਦੀ ਦਿੱਤੀ।

(ਨੋਟ: ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਤਿੰਨੇ ਸਿੱਖ ਸ਼ਹੀਦਾਂ ਨੂੰ 'ਬ੍ਰਾਹਮਣ ਸਭਾ ਪੰਜਾਬ' ਦੀ ਝੋਲ਼ੀ ਪਾਉਣ ਦੀ ਸਲਾਹ ਪ੍ਰਕਾਸ਼ ਸਿੰਘ ਬਾਦਲ ਨੂੰ ਸਾਬਕਾ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਦਿੱਤੀ ਸੀ।)

ਪ੍ਰਕਾਸ਼ ਸਿੰਘ ਬਾਦਲ ਦੇ ਉਕਤ ਬਿਆਨਾਂ ਦਾ

ਖੰਡਨ ਜੰਮੂ-ਕਸ਼ਮੀਰ ਦੇ ਸਿੱਖਾਂ ਨੇ ਇਹਨਾਂ ਸ਼ਬਦਾਂ ਵਿੱਚ ਕੀਤਾ: ਸਿੱਖ ਧਰਮ ਵਿੱਚ ਪ੍ਰਵੇਸ਼ ਕਰਨ ਤੋਂ ਬਾਅਦ ਕਿਸੇ ਦੀ ਕੋਈ ਪਿਛਲੀ ਜਾਤ-ਪਾਤ, ਨਹੀਂ ਰਹਿੰਦੀ। ਇਸ ਲਈ ਸਿੱਖ ਸ਼ਹੀਦਾਂ ਨੂੰ ਉਹਨਾਂ ਦੇ ਸਿੱਖੀ ਧਾਰਨ ਕਰਨ ਤੋਂ ਪਹਿਲਾਂ ਦੇ ਪਿਛੋਕੜ ਨਾਲ ਜੋੜਨਾ ਘੋਰ-ਅਵੱਗਿਆ ਹੈ।

ਗੁਰੂ ਨਾਨਕ ਸਾਹਿਬ ਨੇ ਨਵਾਂ ਮੱਤ (ਸਿੱਖ ਮੱਤ) ਅਤੇ ਨਵਾਂ ਪੰਥ ਚਲਾਇਆ । ਮੁਸਲਮਾਨ ਵੀ ਉਹਨਾਂ ਦੇ ਸਿੱਖ ਬਣਦੇ ਜਾਂਦੇ ਸਨ ਤੇ ਹਿੰਦੂ ਵੀ । ਬ੍ਰਾਹਮਣ ਵੀ ਉਹਨਾਂ ਦੇ ਸਿੱਖ ਸਨ ਅਤੇ ਸ਼ੂਦਰ ਵੀ । ਜਿਹੜਾ ਉਹਨਾਂ ਦਾ ਸਿੱਖ ਬਣਦਾ ਸੀ, ਉਹ ਨਾ ਹਿੰਦੂ ਰਹਿੰਦਾ ਸੀ, ਨਾ ਮੁਸਲਮਾਨ, ਉਹ ਗੁਰੂ ਨਾਨਕ ਦਾ ਸਿੱਖ ਅਖਵਾਉਂਦਾ ਸੀ । ਬਾਬੇ ਨਾਨਕ ਦੀ ਸਿੱਖੀ ਤੇ ਬਾਬੇ ਨਾਨਕ ਦੇ ਮਾਰਗ ਨੂੰ ਲੋਕ 'ਗੁਰੂ-ਮਤ' ਆਖਣ ਲੱਗ ਪਏ ਅਤੇ ਬਾਬੇ ਨਾਨਕ ਦੇ ਪੰਥ ਨੂੰ 'ਨਿਰਮਲ ਪੰਥ' ਤੇ 'ਸੱਚਾ ਪੰਥ' ਆਖਣ ਲੱਗ ਪਏ। (ਮਾਰਿਆ ਸਿੱਕਾ ਜਗਤ ਵਿੱਚ ਨਾਨਕ ਨਿਰਮਲ ਪੰਥ ਚਲਾਇਆ) ਇਉਂ ਗੁਰੂ ਨਾਨਕ ਸਾਹਿਬ ਨੇ ਨਵੇਂ ਧਰਮ ਅਤੇ ਨਵੇਂ ਪੰਥ ਦੀ ਨੀਂਹ ਰੱਖੀ।

ਇਸ ਪੰਥ ਤੇ ਮੱਤ ਨੂੰ ਨਵੀਂ ਦੀਖਿਆ, ਸਿੱਖਿਆ ਦੀ ਰਸਮ ਦਿੱਤੀ। ਨਵੀਂ ਰਹਿਤ, ਬਹਿਤ ਦਿੱਤੀ। ਨਵਾਂ ਅਧਿਆਤਮਕ ਤੇ ਸਮਾਜਕ ਸਿਧਾਂਤ ਦਿੱਤਾ । ਗੁਰੂ ਨਾਨਕ ਸਾਹਿਬ ਦੇ 'ਸ਼ਬਦ ਗੁਰੂ' ਦਾ ਸਿਧਾਂਤ ਉਹਨਾਂ ਦਾ ਅੰਮ੍ਰਿਤ ਗਿਆਨ ਇਸ ਪੰਥ ਦਾ ਮੂਲ ਅਧਾਰ ਬਣਿਆ। ਹਿੰਦੂਆਂ ਮੁਸਲਮਾਨਾਂ ਦਰਮਿਆਨ ਨੀਵੀਆਂ ਤੇ ਉੱਚੀਆਂ ਸ਼੍ਰੇਣੀਆਂ ਦਰਮਿਆਨ ਖੜ੍ਹੀਆਂ ਕੀਤੀਆਂ ਸਮਾਜ ਤੇ ਸੱਭਿਆਚਾਰ ਦੀਆਂ ਦੀਵਾਰਾਂ ਗੁਰੂ ਦੇ ਸਿੱਖੀ ਸਿਧਾਂਤਾਂ ਨੇ ਹੂੰਝ ਕੇ ਪਰੇ ਮਾਰੀਆਂ।

ਇਹਨਾਂ ਦਿਨਾਂ ਵਿੱਚ ਹੀ ਉਹਨਾਂ ਨੇ ਆਪਣੇ ਨਵੇਂ ਗਿਆਨ ਦੀ ਦੀਖਿਆ ਦੇਣੀ ਆਰੰਭ ਕੀਤੀ। ਇਹ ਦੀਖਿਆ ਚਰਨ-ਪਾਹੁਲ ਦੇ ਕੇ ਨਾਮ ਦ੍ਰਿੜਾ ਕੇ ਦਿੱਤੀ ਜਾਂਦੀ ਸੀ। ਇਹਨਾਂ ਦਿਨਾਂ ਵਿੱਚ ਹੀ ਉਹਨਾਂ ਨੇ ਆਪਣੀ ਰਹਿਤ ਮਰਿਆਦਾ ਦੇ ਨਿਯਮ ਬਣਾਏ, ਜੋ ਸਭ ਸਿੱਖਾਂ ਲਈ ਸਾਂਝੇ ਸਨ । ਚਾਹੇ ਉਹ ਸਿੱਖ ਪਹਿਲਾਂ ਹਿੰਦੂ ਸਨ, ਚਾਹੇ ਮੁਸਲਮਾਨ ਸਨ, ਚਾਹੇ ਪਹਿਲਾਂ ਅਛੂਤ ਸਨ; ਉਹਨਾਂ ਲਈ ਉਪਦੇਸ਼ ਰਹਿਤ ਮਰਿਆਦਾ ਤੇ ਦੀਖਿਆ ਸਾਂਝੀ ਸੀ। ਆਪਣੀਆਂ ਉਦਾਸੀਆਂ ਦੌਰਾਨ ਕਈ ਸ੍ਰੇਸ਼ਟ ਸਿੱਖਾਂ ਨੂੰ ਚਰਨ-ਪਾਹੁਲ ਦਿੱਤੀ। ਜਦ ਮਰਦਾਨੇ ਨੂੰ ਦੀਖਿਆ ਮਿਲੀ ਤਾਂ ਉਸ ਨੂੰ ਵੀ ਇਹੀ ਰਹਿਤ ਮਰਿਆਦਾ ਦ੍ਰਿੜ੍ਹ ਕਰਵਾਈ ਗਈ ਸੀ। ਕੇਸ ਰੱਖਣੇ, ਪਿਛਲੀ ਰਾਤ ਸਤਨਾਮ ਦਾ ਜਾਪ ਜਪਣਾ, ਆਉਂਦੇ ਜਾਂਦੇ ਸਾਧ ਸੰਤ ਦੀ ਸੇਵਾ ਕਰਨੀ, ਲੋੜਵੰਦਾਂ ਦੀ ਮਦਦ ਕਰਨੀ। ਗੁਰੂ ਨਾਨਕ ਦੀ ਚਰਨ-ਪਾਹੁਲ ਲੈਣ ਤੋਂ ਬਾਅਦ ਹਰ ਕੋਈ ਨਾਨਕ ਨਾਮ ਲੇਵਾ ਸਿੱਖ ਸੀ। ਗੁਰੂ ਨਾਨਕ ਸਾਹਿਬ ਦੇ ਦਰਵਾਜ਼ੇ ਸਾਰਿਆਂ ਲਈ ਖੁੱਲ੍ਹੇ ਸਨ, ਪਰ ਇਹ ਚੌਖਟ ਨਹੀਂ ਸਨ। ਭਾਵ ਜਿੱਥੇ ਰੰਗ, ਨਸਲ ਜਾਤ ਅਤੇ ਧਰਮ ਦਾ ਕੋਈ ਭੇਦ-ਭਾਵ ਨਹੀਂ ਸੀ, ਓਥੇ ਸਿੱਖੀ ਦੀ ਵਿਚਾਰਧਾਰਾ, ਸੰਕਲਪ, ਸਰੂਪ ਤੇ ਸਿੱਖੀ ਸਿਧਾਂਤ ਵਿੱਚ ਕੋਈ ਛੋਟ ਨਹੀਂ ਸੀ। ਗੁਰੂ ਨਾਨਕ ਦੀ ਸਿੱਖੀ ਧਾਰਨ ਵਾਲੇ ਮਨੁੱਖ 'ਸਿੱਖ' ਕਹਿਲਾਏ।

ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਦੇ ਵਡੇਰੇ 'ਭਾਈ ਗੌਤਮ ਜੀ' ਨੇ ਸਭ ਤੋਂ ਪਹਿਲਾਂ ਸਿੱਖੀ ਧਾਰਨ ਕੀਤੀ ਤੇ ਉਹਨਾਂ ਦੀ ਪੀੜ੍ਹੀ ਨੇ ਸਾਰੇ ਗੁਰੂ ਸਾਹਿਬਾਨ ਦੀ ਸੇਵਾ ਵਿੱਚ ਰਹਿ ਕੇ ਸਿੱਖੀ ਦੀ ਚੜ੍ਹਦੀ ਕਲਾ ਵਾਸਤੇ ਖ਼ਾਸ ਯੋਗਦਾਨ ਪਾਇਆ। ਸਿੱਖ ਧਰਮ ਦੀ ਪ੍ਰਫੁੱਲਤਾ ਵਾਸਤੇ ਸ਼ੁਰੂਆਤੀ ਦਿਨਾਂ ਵਿੱਚ 'ਭਾਈ ਗੌਤਮ ਜੀ' ਦੇ ਪਰਿਵਾਰ ਨੇ ਅਹਿਮ ਭੂਮਿਕਾ ਨਿਭਾਈ। ਭਾਈ ਗੌਤਮ ਜੀ ਦੇ ਪਰਿਵਾਰ ਵਿੱਚੋਂ ਜੋ ਸਿੱਖ ਧਰਮ ਵਿੱਚ ਆਏ, ਉਹ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ 'ਅਕਾਲ ਤਖ਼ਤ' ਦੀ ਸਿਰਜਣਾ ਤੋਂ ਬਾਅਦ ਬਣਾਈ 'ਅਕਾਲ ਫ਼ੌਜ' ਵਿੱਚ ਸ਼ਾਮਿਲ ਹੋ ਕੇ ਚੰਗੇ ਸਾਹਸੀ ਯੋਧੇ ਬਣੇ। ਜਿਨ੍ਹਾਂ ਨੇ ਸਿੱਖ ਧਰਮ ਲਈ ਮਹਾਨ ਕੁਰਬਾਨੀਆਂ ਦਿੰਦੇ ਹੋਏ ਸ਼ਹੀਦੀਆਂ ਪ੍ਰਾਪਤ ਕੀਤੀਆਂ। ਜਿਵੇਂ ਕਿ ਭਾਈ ਪਰਾਗਾ ਜੀ ਤੇ ਭਾਈ ਬਾਲੂ ਰਾਓ ਜੀ । ਗੁਰੂ ਤੇਗ ਬਹਾਦਰ ਸਾਹਿਬ ਨਾਲ ਚਾਂਦਨੀ ਚੌਂਕ ਵਿੱਚ ਸ਼ਹੀਦ ਹੋਣ ਵਾਲੇ ਦੋ ਸਕੇ ਭਰਾ ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ, ਗੁਰੂ ਤੇਗ ਬਹਾਦਰ ਸਾਹਿਬ ਦੇ ਚੜ੍ਹਦੀ ਕਲਾ ਵਾਲੇ ਅਨਿਨ ਸਿੱਖ ਸਨ। ਇਹਨਾਂ ਦੋਵਾਂ ਭਰਾਵਾਂ ਨੂੰ ਗੁਰੂ ਤੇਗ ਬਹਾਦਰ ਸਾਹਿਬ ਦੇ ਸਾਹਮਣੇ ਸ਼ਹੀਦ ਕੀਤਾ ਗਿਆ। ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ ਅਤੇ ਭਾਈ ਸਤੀ ਦਾਸ ਦੇ ਸਰੀਰ ਦੁਆਲੇ ਰੂੰ ਲਪੇਟ ਕੇ ਅੱਗ ਲਾ ਦਿੱਤੀ, ਜਿਸ ਨਾਲ ਉਹ ਸ਼ਹੀਦ ਹੋ ਗਏ। ਇਹਨਾਂ ਦੋਵਾਂ ਅਨਿਨ ਸਿੱਖਾਂ ਦੀ ਸ਼ਹਾਦਤ ਵੇਖ ਕੇ ਹੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਪਾਵਨ ਪਵਿੱਤਰ ਮੁੱਖ ਤੋਂ ਉਚਾਰਨ ਕਰਕੇ ਕਿਹਾ ਸੀ 'ਧੰਨ ਸਿੱਖੀ'।



ਸ਼ਹੀਦ ਭਾਈ ਮਤੀ ਦਾਸ ਜੀ ਅਤੇ ਸ਼ਹੀਦ ਭਾਈ ਸਤੀ ਦਾਸ ਜੀ

ਭਾਈ ਦਿਆਲਾ ਜੀ 12 ਭਰਾ ਸਨ । ਭਾਈ ਦਿਆਲਾ ਜੀ ਦੇ ਪਿਤਾ ਭਾਈ ਮਾਈਦਾਸ ਤੇ ਦਾਦਾ ਭਾਈ ਬੱਲੂ ਰਾਮ ਜੀ ਸਨ। ਇਸ ਵੰਸ਼ ਦੀਆਂ ਤਿੰਨ ਪੀੜ੍ਹੀਆਂ ਵਿੱਚੋਂ 29 ਸਿੱਖ ਸ਼ਹੀਦ ਹੋਏ।

ਭਾਈ ਦਿਆਲਾ ਜੀ, ਸ਼ਹੀਦ ਭਾਈ ਮਨੀ ਸਿੰਘ ਦੇ ਸਕੇ ਭਰਾ ਸਨ। ਭਾਈ ਦਿਆਲਾ ਜੀ ਦੇ ਵੱਡੇ ਵਡੇਰੇ ਪੱਕੇ ਗੁਰਸਿੱਖ ਸਨ। ਉਹਨਾਂ ਦੇ ਦਾਦਾ ਭਾਈ ਬੱਲੂ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਤਰਫ਼ੋਂ ਅੰਮ੍ਰਿਤਸਰ ਦੀ ਜੰਗ ਵਿੱਚ ਲੜੇ ਅਤੇ ਅਨੇਕਾਂ ਮੁਗਲਾਂ ਨੂੰ ਮਾਰ ਕੇ ਸ਼ਹਾਦਤ ਪ੍ਰਾਪਤ ਕੀਤੀ। ਭਾਈ ਮਾਈ ਦਾਸ ਨੇ ਆਪਣੇ ਦੋਵਾਂ ਪੁੱਤਰਾਂ ਭਾਈ ਦਿਆਲਾ ਉਮਰ 15 ਸਾਲ ਅਤੇ ਭਾਈ ਮਨੀ ਰਾਮ (ਨੋਟ: ਇਹ ਭਾਈ ਮਨੀ ਰਾਮ 1699 ਦੀ ਵੈਸਾਖੀ ਨੂੰ ਅੰਮ੍ਰਿਤ ਛੱਕ ਕੇ ਭਾਈ ਮਨੀ ਸਿੰਘ ਬਣਿਆ ਅਤੇ ਬੰਦ-ਬੰਦ ਕਟਵਾ ਕੇ ਸ਼ਹਾਦਤ ਪ੍ਰਾਪਤ ਕੀਤੀ) ਉਮਰ 13 ਸਾਲ ਨੂੰ ਗੁਰੂ ਹਰਿ ਰਾਏ ਸਾਹਿਬ ਜੀ ਦੀ ਸੇਵਾ ਵਿੱਚ ਲਿਆਂਦਾ। ਬਾਅਦ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਭਾਈ ਦਿਆਲਾ ਨੂੰ ਘਰ ਬਾਰੀ ਵਜ਼ੀਰ ਥਾਪਿਆ। ਭਾਈ ਦਿਆਲਾ ਜੀ ਵੀ ਭਾਈ ਮਤੀ ਦਾਸ, ਭਾਈ ਸਤੀ ਦਾਸ ਨਾਲ ਓਸ ਸਮੇਂ ਚਾਂਦਨੀ ਚੌਂਕ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਲ ਸਨ ਜਦੋਂ ਉਹਨਾਂ ਦੀ ਸ਼ਹਾਦਤ ਹੋਈ। ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਦੀ ਸ਼ਹਾਦਤ ਤੋਂ ਬਾਅਦ ਕਾਜ਼ੀ ਅਬਦੁਲ ਵਹੀਰ ਨੇ ਜਦੋਂ ਭਾਈ ਦਿਆਲਾ ਨੂੰ ਕਲਮਾ ਪੜਨ ਲਈ ਕਿਹਾ ਤਾਂ ਅੱਗੋਂ ਭਾਈ ਦਿਆਲਾ ਜੀ ਨੇ ਜਵਾਬ ਦਿੱਤਾ: ਅਸੀਂ ਸਿੱਖਾਂ ਨੇ ਗੁਰੂ ਸਾਹਿਬਾਨ ਤੋਂ ਅਲ-ਕਲਮਾਂ (ਧੁਰ ਕੀ ਬਾਣੀ) ਪੜ੍ਹ ਲਈ ਹੈ, ਜੋ ਕਿ ਗੁਰਬਾਣੀ ਰੂਪ ਵਿੱਚ ਧੁਰ ਦਰਗਾਹੋਂ, ਸਤਿਗੁਰੂ ਨਾਨਕ ਦੇ ਹਿਰਦੇ ਰਾਹੀਂ ਇਸ ਧਰਤੀ 'ਤੇ ਪ੍ਰਕਾਸ਼ਮਾਨ ਹੋਈ ਹੈ। ਸਮੂਹ ਸ੍ਰਿਸ਼ਟੀ ਤੇ ਕਾਇਨਾਤ ਦਾ ਰਚਨਹਾਰ ਇੱਕੋ ਇੱਕ ਅਕਾਲ ਪੁਰਖ ਹੈ । ਅਸੀਂ ਸਿੱਖ ਅਕਾਲ ਪੁਰਖ ਵਾਚ (ਮੂਲ ਮੰਤਰ) ਦਾ ਹੀ ਜਾਪ ਕਰਦੇ ਹਾਂ । ਇਹ ਜਵਾਬ ਸੁਣ ਕੇ ਕਾਜ਼ੀ ਅਬਦੁਲ ਨੇ ਗ਼ੁੱਸੇ ਵਿੱਚ ਬੁਖਲਾਏ ਹੋਏ ਨੇ ਜੱਲਾਦਾਂ ਨੂੰ ਹੁਕਮ ਦਿੱਤਾ ਕਿ ਇਸ ਸਿੱਖੜੇ ਨੂੰ ਉਬਲਦੀ ਦੇਗ ਵਿੱਚ ਉਬਾਲ ਕੇ ਸ਼ਹੀਦ ਕੀਤਾ ਜਾਵੇ।

ਭਾਈ ਦਿਆਲਾ ਜੀ ਨੇ ਗੁਰੂ ਦੇ ਚਰਨਾਂ ਦਾ ਧਿਆਨ ਕਰਦੇ ਹੋਏ ਆਪ ਹੀ ਉਬਲਦੀ ਦੇਗ ਵਿੱਚ ਪਹਿਲਾਂ ਸੱਜਾ ਪੈਰ ਪਾਇਆ, ਫਿਰ ਖੱਬਾ ਪੈਰ ਦੇਗ ਵਿੱਚ ਪਾ ਕੇ ਚੌਂਕੜਾ ਮਾਰ ਕੇ ਬੈਠ ਗਏ ਅਤੇ ਗੁਰਬਾਣੀ ਦਾ ਪਾਠ ਕਰਦਿਆਂ-ਕਰਦਿਆਂ ਉਹ ਸ਼ਹੀਦ ਹੋ ਗਏ। ਨਵੰਬਰ 1675 ਈ: ਨੂੰ ਚਾਂਦਨੀ ਚੌਂਕ ਦਿੱਲੀ ਵਿੱਖੇ ਗੁਰੂ ਤੇਗ ਬਹਾਦਰ ਸਾਹਿਬ ਨਾਲ ਸ਼ਹੀਦ ਹੋਣ ਵਾਲੇ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਨਿਰਸੰਦੇਹ ਗੁਰੂ ਕੇ ਸਿੱਖ ਸਨ । ਸਤਿਗੁਰੂ ਨਾਨਕ ਦੀ ਸਿੱਖੀ ਨੂੰ ਸਮਰਪਿਤ ਸਿੱਖ ਹੀ ਤਨ ਆਰੇ ਨਾਲ ਚਿਰਵਾ ਕੇ ਅਤੇ ਉਬਲਦੀ ਦੇਗ ਵਿੱਚ ਬੈਠ ਕੇ ਸ਼ਹੀਦੀ ਪ੍ਰਾਪਤ ਕਰ ਸਕਦਾ ਹੈ।

**ਗੁਰੂ ਪੰਥ ਦਾ ਦਾਸ**
**ਜਥੇਦਾਰ ਮਹਿੰਦਰ ਸਿੰਘ ਯੂ.ਕੇ.**

* * * *



– ਹਰਪ੍ਰੀਤ ਸਿੰਘ ਜਵੰਦਾ

## ਸ਼ਾਹ ਮੁਹੰਮਦਾ ਐਸਾ ਕੌਣ ਹੋਸੀ

# ਜੀਹਦੀ ਸ਼ੁਰੂ ਦੇ ਵਾਂਗ ਅਖੀਰ ਹੋਵੇ

ਬ੍ਰਹਿਮੰਡ ਦਾ ਵੱਡਾ ਜੰਗ ਦਾ ਮੈਦਾਨ..ਇਨਸਾਨੀ ਮਨ..ਹਰ ਵੇਲੇ ਚੱਲਦੀ ਰਹਿੰਦੀ ਇੱਕ ਜੱਦੋਜਹਿਦ..ਬਹਿਸ..ਦੋਚਿੱਤੀ..ਦੁਬਿਧਾ; ਕੀ ਕੀਤਾ ਜਾਵੇ ਤੇ ਕੀ ਨਾ ਕੀਤਾ ਜਾਵੇ..?

ਪਿਛਲੇ ਤਕਰੀਬਨ ਡੇਢ ਸਾਲ ਤੋਂ ਐਨ ਟੀਸੀ 'ਤੇ ਜਾ ਚੜ੍ਹਿਆ ਜਾਂ ਫੇਰ ਚਾੜ੍ਹ ਦਿੱਤਾ ਗਿਆ..ਹਰ ਸ਼ੋਅ ਹਿੱਟ..ਹਾਊਸ ਫੁੱਲ..!

ਫੇਰ 2025 ਦਾ ਪਹਿਲਾ ਦਿਨ..ਬਹੁਗਿਣਤੀ ਦੇ ਵਿਸ਼ਵ ਗੁਰੂ ਦਾ ਸੱਦਾ ਆਇਆ ਤਾਂ ਦੁਬਿਧਾ ਪੈ ਗਈ..ਜਾਵਾਂ ਕਿ ਨਾ..ਜੇ ਗਿਆ ਤਾਂ ਕੀ ਹੋਊ..ਜੇ ਨਾ ਗਿਆ ਤਾਂ ਫੇਰ ਕੀ ਹੋ ਸਕਦਾ..ਕਿੰਨੇ ਨਾਲ ਜੁੜ ਸਕਦੇ ਤੇ ਕਿੰਨੇ ਟੁੱਟ ਸਕਦੇ..ਡਾਹਢੀਆਂ ਔਖੀਆਂ ਗਿਣਤੀਆਂ ਮਿਣਤੀਆਂ..। ਇਹ ਅਮਿਤਾਭ ਬੱਚਨ ਵਾਲੀ ਮਿਲਣੀ ਤਾਂ ਹੈ ਨਹੀਂ ਜਿੱਥੇ ਬੇਰੋਕਟੋਕ ਚੁਰਾਸੀ ਦੀ ਗੱਲ ਕਰ ਦਿੱਤੀ ਸੀ..ਇੱਥੇ ਤਾਂ ਹਰ ਆਖੀ-ਬੋਲੀ-ਦੱਸੀ ਦਾ ਮਤਲਬ ਕੱਢਿਆ ਜਾਊ..ਗੱਲ ਪਾਏ ਲੀੜਿਆਂ ਦਾ..ਇੱਥੋਂ ਤਕ ਕੇ ਸਿਰ 'ਤੇ ਸਜਾਈ ਦਾ ਵੀ..ਮਿਲਣ ਗਿਲਣ ਝੁਕਣ ਗੱਲ ਬਾਤ ਲਹਿਜੇ ਬੋਲੀ ਭਾਵ..ਮੁਸਕਰਾਹਟ..ਜੋੜੇ ਹੱਥ..ਉੱਠਣ ਬੈਠਣ..ਸਾਰੇ ਕੁਝ ਦਾ ਇੱਕ ਬਿਰਤਾਂਤ ਸਿਰਜਿਆ ਜਾਊ..ਫੇਰ ਓਸੇ ਦੇ ਅਧਾਰ 'ਤੇ ਇਹ ਫ਼ੈਸਲਾ ਹੋਊ ਕਿ ਗਾਉਣ ਦੇਣਾ ਕੇ ਨਹੀਂ..।



ਦਿਲਜੀਤ ਦੁਸਾਂਝ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ

ਖੁਦਾ ਨਾ ਖ਼ਾਸਤਾ..ਕੋਈ ਉਨੀ-ਇੱਕੀ ਹੋ ਗਈ ਤਾਂ ਮੀਡਿਆ ਦੇ ਮਗਰਮੱਛ..ਸਕਿੰਟਾਂ ਵਿੱਚ ਲੀਰੋ-ਲੀਰ ਕਰ ਸੁੱਟਣਗੇ..ਓਥੋਂ ਬਾਹਰ ਨਿਕਲਣਾ ਵੀ ਔਖਾ ਹੋ ਜਾਣਾ!

ਜੱਸੀ ਗੁਰਦਾਸਪੁਰੀਆ..ਆਪਣੇ ਮੂਹੋਂ ਦੱਸਦਾ..ਕੇ.ਪੀ.ਐੱਸ. ਗਿੱਲ ਕਿੰਨਾ-ਕਿੰਨਾ ਚਿਰ ਗਾਣੇ ਸੁਣਦਾ ਰਹਿੰਦਾ ਸੀ..ਰਾਤ ਦੇ ਅੱਧੇ-ਅੱਧੇ ਪਹਿਰ ਤੀਕਰ..ਉਹ ਅੱਖੀਆਂ ਮੀਟ ਲੈਂਦਾ..ਅਸੀਂ ਗਾਉਂਦੇ ਰਹਿੰਦੇ..ਅੰਦਰੋਂ-ਅੰਦਰ ਡਰਦੇ..ਕਦੋਂ ਖਹਿੜਾ ਛੁੱਟੂ..!

ਸੈਂਤੀ-ਅਠੱਤੀ ਵੇਲੇ..ਕਾਮਰੇਡਾਂ ਦਾ ਗੁਰੂ ਜੋਸਫ ਸਟਾਲਿਨ..ਸਾਰੀ-ਸਾਰੀ ਰਾਤ ਜਾਗ ਅਗਲੇ ਦਿਨ ਕਤਲ ਹੋਣ ਵਾਲਿਆਂ ਦੀਆਂ ਲਿਸਟਾਂ 'ਤੇ ਸਹੀ ਪਾਉਂਦਾ ਰਹਿੰਦਾ..ਇੱਕ ਦਿਨ ਬਾਹਰ ਬੈਠੇ ਸੰਤਰੀ ਨੂੰ ਨੀਂਦਰ ਆ ਗਈ..ਰਫ਼ਲ ਹੇਠਾਂ ਡਿੱਗ ਪਈ..ਖੜਾਕ ਹੋਇਆ..ਸਟਾਲਿਨ ਦੀ ਇਕਾਗਰਤਾ ਭੰਗ ਹੋ ਗਈ..ਅਗਲੇ ਦਿਨ ਕਤਲ ਹੋਣ ਵਾਲਿਆਂ ਦੀ ਲਿਸਟ ਵਿੱਚ ਉਸ ਦਾ ਨਾਂ ਵੀ ਸ਼ਾਮਿਲ ਹੋ ਗਿਆ..ਕੋਤਾਹੀ ਦਾ ਦੋਸ਼ !

ਡਾਹਢੇ ਨੇ ਕਦੋਂ ਕਿਸ ਗੱਲੋਂ ਗੁੱਸੇ ਹੋ ਜਾਣਾ..ਕੌਣ ਜਾਣਦਾ..!

ਤੂਫ਼ਾਨ ਸਿੰਘ ਫ਼ਿਲਮ ਵਿੱਚ ਭਾਈ ਜੁਗਰਾਜ ਸਿੰਘ ਦਾ ਰੋਲ ਨਿਭਾਉਣ ਵਾਲਾ ਰਣਜੀਤ ਬਾਵਾ..ਇੱਕ ਰਚਨਾ ਵਿੱਚ ਸਿਰਫ਼ ਏਨੀ ਗੱਲ ਆਖ ਬੈਠਾ..ਰਣਜੀਤ ਸਿਹਾਂ ਤੇਰੇ ਰਾਜ ਵਾਲਾ ਲਾਹੌਰ ਸ਼ਹਿਰ ਬੜਾ ਯਾਦ ਆਉਂਦਾ..ਹਿਮਾਚਲ ਵਿੱਚ ਸ਼ੋਅ ਨਹੀਂ ਹੋਣ ਦਿੱਤੇ..। ਢਿੱਡ 'ਤੇ ਲੱਤ ਵੱਜੇ ਤਾਂ ਕਹਿੰਦੇ-ਕਹਾਉਂਦੇ ਗੋਡਿਆਂ ਭਰਨੇ ਆ ਜਾਂਦੇ..ਫੇਰ ਗੁਹਾਰ ਲਾਈ..ਮੈਂ ਇਸ ਦੇਸ਼ ਨੂੰ ਪਿਆਰ ਕਰਦਾ..ਧਰਮਾਂ ਮਜ਼ਬਾਂ ਤੋਂ ਉੱਪਰ ਉੱਠ..ਤੁਹਾਨੂੰ ਗਲਤਫ਼ਹਿਮੀ ਹੋਈ..ਮੈਨੂੰ ਗਾ ਲੈਣ ਦਿਓ..!

ਸੂਬੇ ਦੀ ਕਚਹਿਰੀ..ਛੋਟੇ ਸਾਹਿਬਜ਼ਾਦੇ..ਨਿੱਕਾ ਦਰਵਾਜਾ..ਅੰਦਰ ਵੜੇ। ਪਰ ਪਹਿਲੋਂ ਸਿਰ ਨਹੀਂ, ਪੈਰ ਅੱਗੇ ਕੀਤੇ..ਉਮਰ ਨਹੀਂ ਸੋਚ ਆਲੇ ਦਵਾਲੇ ਦਾ ਅਸਰ..। ਕਈ ਤਾਂ ਸੌ ਦੇ ਹੋ ਕੇ ਵੀ ਅਖ਼ੀਰ ਤੀਕਰ ਚੱਪਲੀਆਂ ਹੀ ਚੱਟਦੇ ਰਹਿੰਦੇ !

ਇੱਕ ਹੋਰ ਚੋਬਰ..ਸ਼ੁਭਦੀਪ..! ਗੀਤ ਵਿੱਚ ਸੰਤਾਂ ਅਤੇ ਖ਼ਾਲਸਾ ਰਾਜ ਦਾ ਹਵਾਲਾ ਦੇ ਦਿੱਤਾ..ਮਹਾਰਾਸ਼ਟਰ ਵਿੱਚ ਸ਼ੋਅ ਰੱਦ ਹੋ ਗਏ..ਪਰ ਗਰਮ ਖੂਨ..ਹਿੱਕ ਠੋਕ ਕੇ ਆਖਣ ਲੱਗਾ..ਨਾ ਲਾਉਣ ਦੇਵੋਗੇ ਤਾਂ ਫੇਰ ਕਿਹੜੀ ਮੱਸਿਆ ਲੱਗਣੋਂ ਹਟ ਜਾਣੀ..ਇੱਕ ਬੂਹਾ ਬੰਦ ਹੁੰਦਾ ਤਾਂ ਦਸ ਹੋਰ ਖੁੱਲ ਜਾਂਦੇ..ਨਜ਼ਰੀਏ ਵਿਸ਼ਵਾਸ਼ ਦੀਆਂ ਬਾਤਾਂ..!

ਬਾਈ ਦੀਪ ਸਿੱਧੂ..ਪੈਸੇ-ਧੇਲੇ-ਸ਼ੋਹਰਤ-ਪਦਵੀਆਂ-ਜਵਾਨੀ-ਐਸ਼ੋ-ਇਸ਼ਰਤ ਦੀ ਕੋਈ ਥੁੜ ਨਹੀਂ..ਜਿੰਨੀ ਚਾਹੁੰਦਾ ਕਮਾ ਸਕਦਾ ਸੀ..ਓਧਰ ਟਿੱਬਿਆਂ ਦਾ ਪੁੱਤ..ਮੂਸੇ ਵਾਲਾ..ਰਾਤੋ ਰਾਤ ਟੀਸੀ 'ਤੇ ਜਾ ਅੱਪੜਿਆ..ਪਰ ਦੋਵੇਂ ਅੱਗੜ ਪਿੱਛੜ ਮੁਕਾ ਦਿੱਤੇ..!

ਪੰਜਾਬ, ਪੰਜਾਬੀਅਤ, ਧੱਕੇਸ਼ਾਹੀਆਂ, ਬੇਇਨਸਾਫ਼ੀਆਂ ਜਟਾਣੇ ਐੱਸ.ਵਾਈ.ਐੱਲ ਅਤੇ ਅਜ਼ਾਦੀ ਦੀ ਗੱਲ ਜੁ ਕਰਨ ਲੱਗ ਪਏ ਸਨ..ਸੈਂਕੜੇ ਦੀਵਾਨ ਸੁੱਚੇ ਨੰਦ..ਸਿਸਟਮ ਕੋਲੋਂ ਸਪੋਲੀਏ ਗਰਦਾਨ ਸਿਰੀਆਂ ਮਿਧਵਾ ਦਿੱਤੀਆਂ..ਵੱਡੇ ਹੋ ਗਏ ਤਾਂ ਹੱਥਾਂ ਨਾਲ ਦਿੱਤੀਆਂ ਦੰਦਾਂ ਨਾਲ ਵੀ ਨਹੀਂ ਖੋਲ ਹੋਣੀਆਂ।



ਸਰਦਾਰ ਸੰਦੀਪ ਸਿੰਘ ਦੀਪ ਸਿੱਧੂ ਅਤੇ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ

ਅਖੀਰ ਵਿੱਚ ਗੱਲ ਐਥੇ ਮੁਕਦੀ..ਅੰਦਰ ਚੱਲਦੀ ਜੱਦੋਜਹਿਦ ਵਿੱਚ ਸਿਕੰਦਰ ਕੌਣ ਹੋ ਨਿੱਬੜਦੀ..ਟਾਂਡਿਆਂ ਵਾਲੀ ਕੇ ਭਾਂਡਿਆਂ ਵਾਲੀ..ਜੰਮਣ ਮਰਨ ਅੰਦਰਲਾ ਸੰਖੇਪ ਜਿਹਾ ਕਾਲ..ਇਸ ਕਾਲ ਅੰਦਰ ਦੇ ਬਹੁਤਾਤ ਰੰਗ ਤਮਾਸ਼ੇ..ਜੇ ਜ਼ਿਹਨ ਤੇ ਪਦਾਰਥਵਾਦ ਭਾਰੂ ਹੋ ਗਿਆ ਤਾਂ ਅਸੂਲ ਦਮ ਤੋੜ ਜਾਣਗੇ..ਜੇ ਅਸੂਲਾਂ ਵਾਲਾ ਯੱਕਾ ਜੇਤੂ ਹੋ ਨਿੱਬੜਿਆ ਤਾਂ ਕਰਤੇ ਕੀਆਂ ਸਦੀਵੀਂ ਬਾਤਾਂ..ਤੀਰ ਵਾਲੇ ਬਾਬੇ ਵਾਂਙ..ਹਿਮਾਲਿਆ ਦੇ ਕੱਦ ਵਾਂਗਰ ਹਰ ਸਾਲ ਵਧੀ ਜਾਂਦਾ ਤੇਜ-ਪ੍ਰਕਾਸ਼!

ਬੰਦੇ ਨੂੰ ਹਮੇਸ਼ ਦੁਬਿਦਾ ਮਾਰਦੀ..ਅੱਧੀ ਮੈਂ ਗਰੀਬ ਜੱਟ ਦੀ..ਅੱਧੀ ਤੇਰੀ ਹਾਂ ਮੁਲਾਹਜ਼ੇਦਾਰਾ..। ਦੋ ਘਰਾਂ ਦਾ ਪ੍ਰਾਹੁਣਾ..ਜਿਆਦਾਤਰ ਭੁੱਖਾ ਹੀ ਰਹਿੰਦਾ..। ਲਕੀਰ ਖਿਚਣੀ ਪੈਣੀ..ਇੱਕ ਪਾਸੇ ਨਾਲ ਸਪਸ਼ਟ ਤੌਰ 'ਤੇ ਜੁੜਨਾ ਪੈਣਾ ਕਿ ਧਰੂ ਤਾਰੇ ਵਾਂਙ ਸਦੀਵੀਂ ਚਮਕਦੇ ਰਹਿਣਾ ਜਾਂ ਦੀਵਾਲੀ ਦੇ ਅਨਾਰ ਵਾਂਙ ਵਕਤੀ ਤੌਰ 'ਤੇ ਅੰਬਰ ਨੂੰ ਛੂਹ ਕੇ ਫੁੱਸ ਹੋ ਜਾਣਾ..ਇਹ ਫ਼ੈਸਲਾ ਅੰਦਰ ਹੁੰਦੀ ਜੰਗ ਦੀ ਜੇਤੂ ਧਿਰ ਕਰਿਆ ਕਰਦੀ!

ਸ਼ਾਹ ਮਹੁੰਮਦਾ ਐਸਾ ਕੌਣ ਹੋਸੀ. ਜੀਹਦੀ ਸ਼ੁਰੂ ਦੇ ਵਾਂਗ ਅਖੀਰ ਹੋਵੇ।

* * * *




– ਰਣਜੀਤ ਸਿੰਘ ਦਮਦਮੀ ਟਕਸਾਲ
(ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)


# ਸੰਤ ਭਿੰਡਰਾਂਵਾਲ਼ਿਆਂ ਦੇ
## ਹਿੰਦੂ ਵਿਰੋਧੀ ਬਿਆਨਾਂ ਦੀ ਸੱਚਾਈ ?

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਵਿਰੋਧੀਆਂ ਵੱਲੋਂ ਅਕਸਰ ਹੀ ਕਿਹਾ ਜਾਂਦਾ ਹੈ ਕਿ ਇੱਕ ਵਾਰ ਸੰਤ ਭਿੰਡਰਾਂਵਾਲ਼ਿਆਂ ਨੇ ਪੰਜ ਹਜ਼ਾਰ ਹਿੰਦੂਆਂ ਨੂੰ ਵੱਢਣ ਦੀ ਗੱਲ ਕੀਤੀ ਸੀ, ਇਸ ਕਰਕੇ ਉਹ ਹਿੰਦੂਆਂ ਦੇ ਕਾਤਲ, ਦੁਸ਼ਮਣ ਤੇ ਅੱਤਵਾਦੀ ਹਨ। ਪਰ ਇਹ ਕਹਿਣ ਤੋਂ ਪਹਿਲਾਂ ਸੱਚਾਈ ਜਾਣਨ ਦੀ ਲੋੜ ਹੈ ਕਿ ਸੰਤ ਭਿੰਡਰਾਂਵਾਲ਼ਿਆਂ ਨੂੰ ਇਹ ਬਿਆਨ ਕਿਉਂ ਦੇਣਾ ਪਿਆ ? ਕਿਹੜੇ ਹਲਾਤ ਬਣੇ ਤੇ ਉਹਨਾਂ ਨੇ ਕਿਹੜੀ ਮਜਬੂਰੀ 'ਚ ਐਨੀ ਸਖ਼ਤ ਧਮਕੀ ਦਿੱਤੀ ?

ਦਰਅਸਲ ਉਹਨੀਂ ਦਿਨੀਂ ਦਮਦਮੀ ਟਕਸਾਲ ਦੇ ਤੇਰ੍ਹਵੇਂ ਮੁਖੀ ਸੱਚਖੰਡਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦਾ ਬਰਸੀ ਸਮਾਗਮ ਸੀ, ਜਿਸ ਦੇ ਸੰਬੰਧ ਵਿੱਚ ਸੰਤ ਜਰਨੈਲ ਸਿੰਘ ਜੀ ਨੇ ਟਕਸਾਲ ਦੇ ਸਿੰਘਾਂ ਨੂੰ ਜਥੇ ਦੀ ਬੱਸ ਦੇ ਕੇ ਸੰਤ ਕਰਤਾਰ ਸਿੰਘ ਜੀ ਦੇ ਸਤਿਕਾਰਯੋਗ ਮਾਤਾ ਜੀ ਬੀਬੀ ਲਾਭ ਕੌਰ ਅਤੇ ਪਰਿਵਾਰ ਨੂੰ ਮੁਕਤਸਰ ਸਾਹਿਬ ਦੇ ਨੇੜਲੇ ਪਿੰਡ ਭੀਂਡੇਵਾਲ਼ਾ ਤੋਂ ਲੈਣ ਵਾਸਤੇ ਭੇਜਿਆ ਸੀ।

ਓਸੇ ਦਿਨ ਹੀ ਅਚਾਨਕ 15 ਅਗਸਤ 1983 ਨੂੰ ਸਿੰਘਾਂ ਨੇ ਬੁੱਚੜ ਪੁਲਿਸ ਅਫ਼ਸਰ ਗੁਰਚਰਨ ਸਿਹੁੰ ਸਾਂਹਸੀ ਨੂੰ ਦੁਪਹਿਰੇ ਸਵਾ ਇੱਕ ਵਜੇ ਗੋਲ਼ੀਆਂ ਮਾਰ ਕੇ ਸੋਧ ਦਿੱਤਾ। ਸੰਤਾਂ ਨੇ ਡੇਢ ਵਜੇ ਇਹ ਬੱਸ ਸ੍ਰੀ ਅੰਮ੍ਰਿਤਸਰ ਤੋਂ ਭੇਜੀ ਸੀ ਜੋ ਸ਼ਾਮ ਛੇ ਵਜੇ ਮੁਕਤਸਰ ਪਹੁੰਚੀ। ਓਧਰ ਪੁਲਿਸ ਵਾਲ਼ਿਆਂ ਨੂੰ ਸਾਂਹਸੀ ਦੇ ਗੋਲ਼ੀ ਮਾਰਨ ਵਾਲ਼ਿਆਂ ਦੇ ਬਚ ਨਿਕਲਣ ਦੀ ਬੜੀ ਨਮੋਸ਼ੀ ਸੀ। ਪੁਲਿਸ ਨੇ ਥਾਂ-ਥਾਂ 'ਤੇ ਨਾਕਾਬੰਦੀ ਕੀਤੀ ਹੋਈ ਸੀ। ਜਿਸ ਸਮੇਂ ਬੱਸ ਮੁਕਤਸਰ ਤੋਂ ਵਾਪਸ ਅੰਮ੍ਰਿਤਸਰ ਨੂੰ ਆ ਰਹੀ ਸੀ ਤਾਂ ਪੁਲਿਸ ਨੇ ਟਕਸਾਲ ਦੀ ਇਸ ਬੱਸ ਨੂੰ ਘੇਰਾ ਪਾ ਲਿਆ ਤੇ ਸਿੰਘਾਂ ਅਤੇ ਬਜ਼ੁਰਗ ਮਾਤਾ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਬੱਸ ਥਾਣੇ ਲੈ ਆਂਦੀ।

ਇਸ ਗੱਲ ਦਾ ਪਤਾ ਲੱਗਦਿਆਂ ਸਾਰ ਸੰਤ ਜਰਨੈਲ ਸਿੰਘ ਅਤੇ ਸੰਗਤਾਂ ਨੂੰ ਬੜਾ ਰੋਹ ਆਇਆ। ਸੰਤਾਂ ਨੇ ਤੁਰੰਤ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਅਤੇ ਫ਼ਿਰੋਜ਼ਪੁਰ ਦੇ ਐੱਸ.ਐੱਸ.ਪੀ. ਨਾਲ਼ ਗੱਲ ਕੀਤੀ ਤੇ ਹੋਰ ਵੀ ਕਈ ਹੀਲੇ ਕੀਤੇ। ਪਰ ਜਦੋਂ ਮਾਤਾ ਜੀ ਨੂੰ ਨਾ ਛੱਡਿਆ ਗਿਆ ਤਾਂ ਸੰਤਾਂ ਨੇ ਹਿੰਦੂ ਸਰਕਾਰ ਦੀ ਸਾਹ ਰਗ 'ਤੇ ਪੈਰ ਰੱਖਦਿਆਂ ਪਹਿਲਾਂ ਸੁਨੇਹਾ ਭੇਜਿਆ ਤੇ ਫਿਰ ਓਹੀ ਗੱਲ ਮੰਜੀ ਸਾਹਿਬ ਦੀਵਾਨ ਹਾਲ਼ ਦੀ ਸਟੇਜ ਤੋਂ ਆਖੀ ਕਿ "ਜੇ ਸਵੇਰ ਦੇ ਪੰਜ ਵਜੇ ਤਕ ਬੱਸ ਨਾ ਛੱਡੀ ਤਾਂ ਪੰਜ ਹਜ਼ਾਰ ਹਿੰਦੂ ਇੱਕੋ ਘੰਟੇ 'ਚ ਵੱਢਾਂਗੇ।"

ਇਸ ਧਮਕੀ ਦਾ ਐਨਾ ਅਸਰ ਹੋਇਆ ਕਿ ਪੂਰਾ ਦੇਸ਼ ਹਿੱਲ ਗਿਆ, ਪੁਲਿਸ ਨੇ ਤੁਰੰਤ ਬੱਸ ਛੱਡ ਦਿੱਤੀ ਅਤੇ ਮਾਤਾ ਜੀ ਤੇ ਸਿੰਘਾਂ ਤੋਂ ਮਾਫ਼ੀ ਮੰਗ ਕੇ ਹਿਰਾਸਤ 'ਚੋਂ ਰਿਹਾਅ ਕਰ ਦਿੱਤਾ। ਅਗਲੇ ਦਿਨ 16 ਅਗਸਤ 1983 ਨੂੰ ਸੰਤ ਕਰਤਾਰ ਸਿੰਘ ਜੀ ਦੇ ਬਰਸੀ ਸਮਾਗਮ 'ਚ ਮਾਤਾ ਲਾਭ ਕੌਰ ਜੀ ਨੂੰ ਸੰਤ ਭਿੰਡਰਾਂਵਾਲ਼ਿਆਂ ਅਤੇ ਲੌਂਗੋਵਾਲ ਨੇ ਸਨਮਾਨਿਤ ਕੀਤਾ ਤੇ ਅਨੇਕਾਂ ਸਿੱਖ ਆਗੂਆਂ ਨੇ ਸੰਤਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।



ਹਿੰਦੂ ਸਿਆਸਤਦਾਨਾਂ ਨਾਲ਼ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ

ਹੁਣ ਵਿਚਾਰਨ ਵਾਲ਼ੀ ਗੱਲ ਇਹ ਹੈ ਕਿ ਸੰਤ ਭਿੰਡਰਾਂਵਾਲ਼ਿਆਂ ਨੇ ਇਹ ਧਮਕੀ ਕਿਉਂ ਦਿੱਤੀ ? ਸੰਤ ਜੀ ਸਾਰਿਆਂ ਨੂੰ ਇਹ ਵਿਖਾਉਣਾ ਚਾਹੁੰਦੇ ਸਨ ਕਿ ਸਰਕਾਰ ਹਿੰਦੂਆਂ ਨੂੰ ਕਿੰਨਾ ਪਿਆਰ ਕਰਦੀ ਹੈ। ਸਿੰਘ ਭਾਵੇਂ ਹਰ ਰੋਜ਼ ਸ਼ਹੀਦ ਹੋਈ ਜਾਣ ਸਰਕਾਰ ਉੱਤੇ ਕੋਈ ਅਸਰ ਨਹੀਂ। ਪਰ ਕਿਸੇ ਹਿੰਦੂ ਦਾ ਕੋਈ ਵਾਲ ਵਿੰਗਾ ਕਰਨ ਦੀ ਗੱਲ ਵੀ ਕਰ ਦੇਵੇ ਤਾਂ ਸਰਕਾਰ ਤੁਰੰਤ ਹਰਕਤ ਵਿੱਚ ਆ ਜਾਂਦੀ ਹੈ। ਇਸ ਬਿਆਨ ਵਿੱਚ ਸੰਤ ਜੀ ਨਹੀਂ, ਬਲਕਿ ਸਰਕਾਰ ਪੂਰੀ ਤਰ੍ਹਾਂ ਦੋਸ਼ੀ ਸੀ। ਸੰਤਾਂ ਵੱਲੋਂ ਇਹ ਬਿਆਨ ਦੇਣ ਤੋਂ ਬਾਅਦ ਸਰਕਾਰ ਇੱਕਦਮ ਸੰਤਾਂ ਦੀ ਗੱਲ ਕਿਉਂ ਮੰਨ ਗਈ ? ਬੱਸ ਕਿਉਂ ਛੱਡ ਦਿੱਤੀ ? ਮਾਤਾ ਜੀ ਨੂੰ ਛੱਡ ਦਿੱਤਾ, ਕਿਉਂਕਿ ਸਿਰਫ਼ ਹਿੰਦੂਆਂ ਦਾ ਨਾਂ ਲੈਣ ਦੀ ਦੇਰ ਸੀ।

ਇਸ ਤੋਂ ਪਹਿਲਾਂ ਕਈ ਅਪੀਲਾਂ ਕਰਨ 'ਤੇ ਵੀ ਕੋਈ ਸੁਣਵਾਈ ਨਹੀਂ ਸੀ। ਜ਼ਾਹਰ ਹੋ ਗਿਆ ਕਿ ਇਹ ਹਿੰਦ ਸਰਕਾਰ ਸਿਰਫ਼ ਹਿੰਦੂਆਂ ਦੀ ਰਾਖੀ ਲਈ ਹੈ, ਸਰਕਾਰ ਨੂੰ ਸਿੱਖਾਂ ਤੇ ਗੁਰਬਾਣੀ ਨਾਲ਼ੋਂ ਹਿੰਦੂ ਪਿਆਰੇ ਹਨ। ਇੱਕ ਪਾਸੇ ਸਰਕਾਰ ਸਿੱਖਾਂ ਨੂੰ ਹਿੰਦੂ ਕਹਿੰਦੀ ਸੀ ਤੇ ਦੂਜੇ ਪਾਸੇ ਸਿੱਖਾਂ 'ਤੇ ਜ਼ੁਲਮ ਅਤੇ ਧਰਮ 'ਤੇ ਹਮਲੇ ਕਰ ਰਹੀ ਸੀ।

ਸੰਤ ਭਿੰਡਰਾਂਵਾਲ਼ਿਆਂ ਨੇ ਹਿੰਦੂ ਮਾਰੇ ਨਹੀਂ ਅਤੇ ਨਾ ਹੀ ਉਹਨਾਂ ਨੇ ਮਾਰਨੇ ਸਨ। ਇੱਕ ਵੀ ਹਿੰਦੂ ਦੇ ਚਪੇੜ ਜਾਂ ਸੋਟੀ ਨਹੀਂ ਮਾਰੀ, ਕਿਸੇ ਨੂੰ ਫੜ ਕੇ ਨਹੀਂ ਲਿਆਂਦਾ, ਕੁੱਟਿਆ ਨਹੀਂ, ਕੋਈ ਧਮਾਕਾ ਨਹੀਂ ਕੀਤਾ ਤੇ ਸਰਕਾਰ ਹਿੰਦੂਆਂ ਨੂੰ ਬਚਾਉਣ ਲਈ ਤਰਲੋਮੱਛੀ ਹੋ ਗਈ। ਜੇ ਸੰਤ ਭਿੰਡਰਾਂਵਾਲੇ ਇਹ ਕਹਿ ਦਿੰਦੇ ਕਿ 'ਬੱਸ ਨਾ ਛੱਡੀ ਤਾਂ ਮੈਂ ਪੰਜ ਹਜ਼ਾਰ ਸਿੱਖ, ਮੁਸਲਮਾਨ ਜਾਂ ਇਸਾਈ ਮਾਰ ਦੇਵਾਂਗਾ।' ਤਾਂ ਇਸ ਬਿਆਨ ਦਾ ਕੋਈ ਅਸਰ ਨਹੀਂ ਸੀ ਹੋਣਾ। ਸਰਕਾਰ ਨੇ ਖ਼ੁਦ ਹੀ ਸਿੱਖ, ਮੁਸਲਮਾਨ ਤੇ ਇਸਾਈ ਮਾਰ ਕੇ ਕਹਿ ਦੇਣਾ ਸੀ ਕਿ ਭਿੰਡਰਾਂਵਾਲ਼ੇ ਨੇ ਮਾਰੇ ਹਨ ਕਿਉਂਕਿ ਸਰਕਾਰ ਹਿੰਦੂਆਂ ਦੀ ਰਾਖੀ ਕਰਦੀ ਹੈ ਤੇ ਸਿੱਖਾਂ ਅਤੇ ਹੋਰ ਘੱਟ-ਗਿਣਤੀ ਕੌਮਾਂ ਨੂੰ ਕੁਚਲ ਦੇਣਾ ਚਾਹੁੰਦੀ ਹੈ।

ਸੰਤ ਭਿੰਡਰਾਂਵਾਲ਼ਿਆਂ ਨੇ ਤਾਂ ਇੱਕ ਵੀ ਹਿੰਦੂ ਨਹੀਂ ਸੀ ਮਾਰਿਆ, ਪਰ ਸਰਕਾਰ ਨੇ ਧਰਮ ਯੁੱਧ ਮੋਰਚੇ ਦੌਰਾਨ ਹੀ 200 ਤੋਂ ਵੱਧ ਸਿੰਘ ਸ਼ਹੀਦ ਕਰ ਦਿੱਤੇ, ਭਾਈ ਕੁਲਵੰਤ ਸਿੰਘ ਨਾਗੋਕੇ ਦੇ ਸਿਰ ਵਿੱਚ ਕਿੱਲ ਠੋਕ ਦਿੱਤੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਅਗਨ ਭੇਟ ਕੀਤਾ, ਕਈ ਸਿੰਘ ਝੂਠੇ ਪੁਲਿਸ ਮੁਕਾਬਲਿਆਂ 'ਚ ਮਾਰ ਦਿੱਤੇ, ਕਈਆਂ ਦੀਆਂ ਲੱਤਾਂ-ਬਾਂਹਾਂ ਤੋੜ ਦਿੱਤੀਆਂ, ਅਨੇਕਾਂ ਉੱਤੇ ਅਨਮਨੁੱਖੀ ਤਸ਼ੱਦਦ ਕੀਤਾ ਗਿਆ। ਪਰ ਕੇਂਦਰ ਅਤੇ ਪੰਜਾਬ ਸਰਕਾਰ ਦੇ ਕਿਸੇ ਮੰਤਰੀ ਦੇ ਕੰਨ 'ਤੇ ਜੂੰ ਨਾ ਸਰਕੀ, ਕਿਸੇ ਨੇ ਕੋਈ ਹਮਦਰਦੀ ਜਾਂ ਦੁੱਖ ਦਾ ਪ੍ਰਗਟਾਵਾ ਨਹੀਂ ਕੀਤਾ।

ਸੰਗਤ ਨੇ ਅੰਮ੍ਰਿਤ ਸੰਚਾਰ ਵਾਸਤੇ ਟਕਸਾਲ ਦੇ ਜਥੇ ਨੂੰ ਅੱਸੀ ਹਜ਼ਾਰ ਰੁਪਏ ਦੀ ਜੀਪ ਲੈ ਕੇ ਦਿੱਤੀ ਉਹ ਵੀ ਸਰਕਾਰ ਨੇ ਜਬਤ ਕਰ ਲਈ ਤੇ ਇੱਕ ਸਾਲ ਆਪਣੇ ਕੋਲ਼ ਰੱਖੀ, ਫਿਰ ਸੰਗਤ ਨੇ ਤਿੰਨ ਲੱਖ ਰੁਪਏ ਦੀ ਬੱਸ ਲੈ ਕੇ ਦਿੱਤੀ ਤੇ ਹੁਣ ਉਹ ਵੀ ਪੁਲਿਸ ਨੇ ਫੜ ਲਈ, ਮਾਤਾ ਜੀ ਬੀਬੀ ਲਾਭ ਕੌਰ ਦੀ ਬਜ਼ੁਰਗ ਉਮਰ ਦਾ ਵੀ ਖ਼ਿਆਲ ਨਾ ਰੱਖਿਆ। ਇਹਨਾਂ ਹਲਾਤਾਂ ਦੇ ਮੱਦੇਨਜ਼ਰ ਸੰਤ ਭਿੰਡਰਾਂਵਾਲ਼ੇ ਹੱਥ 'ਤੇ ਹੱਥ ਧਰ ਕੇ ਕਿਵੇਂ ਬੈਠੇ ਰਹਿੰਦੇ।

ਧਰਮ ਯੁੱਧ ਮੋਰਚੇ ਦੌਰਾਨ ਹੀ ਜਦੋਂ ਅਸ਼ੋਕ ਕੁਮਾਰ ਨਾਂ ਦਾ ਹਿੰਦੂ ਪਟਿਆਲੇ 'ਚ ਪੁਲਿਸ ਦੀ ਗੋਲ਼ੀ ਨਾਲ਼ ਮਾਰਿਆ ਗਿਆ ਤਾਂ ਉਸ ਦੀ ਮੌਤ 'ਤੇ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਗ੍ਰਹਿ ਮੰਤਰੀ ਪ੍ਰਕਾਸ਼ ਚੰਦ ਸੇਠੀ ਤੇ ਕੇਂਦਰੀ ਗ੍ਰਹਿ ਸਕੱਤਰ ਚਤੁਰਵੇਦੀ ਦੌੜਿਆ ਆਇਆ। ਜੇ ਹਿੰਦੂ ਮਰ ਜਾਵੇ ਤਾਂ ਸਰਕਾਰ ਦੇ ਥੰਮ੍ਹ ਹਿੱਲਦੇ ਹਨ ਤੇ ਸਿੱਖਾਂ ਵਾਰੀ ਇਹ ਸਾਰੇ ਤਮਾਸ਼ਾ ਵੇਖਦੇ ਰਹਿੰਦੇ ਹਨ।

ਸੰਤਾਂ ਨੇ ਹਿੰਦੂ ਨਹੀਂ ਮਾਰੇ, ਬਲਕਿ ਹਿੰਦੂਆਂ ਨੇ ਸਿੱਖ ਮਾਰੇ ਹਨ। ਹਿੰਦੂ ਹੁਕਮਰਾਨਾਂ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਕੇ ਸੰਤ ਜਰਨੈਲ ਸਿੰਘ, ਭਾਈ ਅਮਰੀਕ ਸਿੰਘ, ਜਨਰਲ ਸ਼ਾਬੇਗ ਸਿੰਘ, ਬਾਬਾ ਠਾਹਰਾ ਸਿੰਘ ਸਮੇਤ ਹਜ਼ਾਰਾਂ ਸਿੱਖਾਂ ਨੂੰ ਸ਼ਹੀਦ ਕੀਤਾ, ਨਵੰਬਰ 1984 ਵਿੱਚ ਤਿੰਨ ਦਿਨਾਂ ਵਿੱਚ ਹੀ ਦਿੱਲੀ, ਕਾਨਪੁਰ ਅਤੇ ਹੋਰ ਸ਼ਹਿਰਾਂ ਵਿੱਚ ਫਿਰਕੂ ਹਿੰਦੂਤਵੀਆਂ ਨੇ ਦਸ ਹਜ਼ਾਰ ਤੋਂ ਵੱਧ ਸਿੱਖ ਮਾਰ ਦਿੱਤੇ, ਸਿੱਖਾਂ ਦੇ ਗਲਾਂ 'ਚ ਬਲ਼ਦੇ ਟਾਇਰ ਪਾਏ, ਬੀਬੀਆਂ ਦੀ ਪੱਤ ਰੋਲੀ, ਜਾਇਦਾਦਾਂ ਲੁੱਟੀਆਂ, ਗੁਰਦੁਆਰੇ ਸਾੜੇ ਆਦਿਕ।

ਫਿਰ ਹਿੰਦ ਸਰਕਾਰ ਨੇ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਇੱਕ ਲੱਖ ਸਿੱਖਾਂ ਨੂੰ ਮਾਰਿਆ, ਹਿੰਦੂਆਂ ਨੇ ਕਈ ਨਗਰ ਕੀਰਤਨਾਂ 'ਚ ਸਿੱਖਾਂ 'ਤੇ ਹਮਲੇ ਕਰਕੇ ਵੱਖ-ਵੱਖ ਥਾਂਈਂ ਸਿੱਖ ਮਾਰੇ, ਇਤਿਹਾਸ ਅਤੇ ਘਟਨਾਵਾਂ ਗਵਾਹ ਹਨ। ਹਿੰਦੂਆਂ ਨੂੰ ਮਾਰਨ ਦੀ ਧਮਕੀ ਦੇਣ ਕਾਰਨ ਤਾਂ ਸਰਕਾਰ ਸੰਤਾਂ ਨੂੰ ਅੱਤਵਾਦੀ ਆਖਦੀ ਹੈ ਪਰ ਜਿਸ ਸਰਕਾਰ ਨੇ ਅਨੇਕਾਂ ਸਿੱਖ ਮਾਰੇ, ਉਹ ਹਿੰਦ ਸਰਕਾਰ ਤੇ ਹਿੰਦੂ ਅੱਤਵਾਦੀ ਕਿਉਂ ਨਹੀਂ ? ਉਹ ਕਾਤਲ, ਦਰਿੰਦੇ ਤੇ ਦਹਿਸ਼ਗਰਦ ਕਿਉਂ ਨਹੀਂ ?

ਸੰਤਾਂ ਦੇ ਅਲੋਚਕ ਕਹਿੰਦੇ ਹਨ ਕਿ ਸੰਤ ਭਿੰਡਰਾਂਵਾਲ਼ਿਆਂ ਨੇ 'ਇੱਕ-ਇੱਕ ਸਿੱਖ ਦੇ ਹਿੱਸੇ ਪੈਂਤੀ-ਪੈਂਤੀ ਹਿੰਦੂ ਆਉਂਦੇ ਨੇ' ਬਿਆਨ ਦਿੱਤਾ ਸੀ। ਜਦ ਕਿ ਉਸ ਵਿੱਚ ਵੀ ਅਸਲੀਅਤ ਇਹ ਹੈ ਕਿ ਇਸ ਤੋਂ ਪਹਿਲਾਂ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸਿੱਖਾਂ ਨੂੰ ਧਮਕੀ ਦਿੰਦਿਆਂ ਕਿਹਾ ਸੀ ਕਿ 'ਪੰਜਾਬ ਤੋਂ ਬਾਹਰਲੇ ਸਿੱਖਾਂ ਦਾ ਸੋਚ ਲਿਓ ਕੀ ਬਣੇਗਾ ?' ਤੇ ਉਸ ਦੇ ਮੰਤਰੀ ਨੇ ਕਿਹਾ ਕਿ 'ਪੈਂਤੀ-ਪੈਂਤੀ ਹਿੰਦੂਆਂ ਦੇ ਹਿੱਸੇ ਇੱਕ-ਇੱਕ ਸਿੱਖ ਆਉਂਦਾ ਏ ਤੇ ਅਸੀਂ ਸਿੱਖਾਂ ਨੂੰ ਮਸਲ ਕੇ ਰੱਖ ਦਿਆਂਗੇ।' ਤੇ ਫਿਰ ਸੰਤ ਭਿੰਡਰਾਂਵਾਲ਼ਿਆਂ ਨੇ ਜਵਾਬ ਵਿੱਚ ਕਿਹਾ ਕਿ "ਅਸੀਂ ਵੀ ਗਿਣਤੀ ਕਰੀ ਬੈਠੇ ਆਂ, ਇੱਕ-ਇੱਕ ਸਿੱਖ ਦੇ ਹਿੱਸੇ ਪੈਂਤੀ-ਪੈਂਤੀ ਹਿੰਦੂ ਆਉਂਦੇ ਨੇ, ਇੱਕ-ਇੱਕ ਸਿੱਖ ਤਾਂ ਸਵਾ-ਸਵਾ ਲੱਖ ਨਾਲ਼ ਟਕਰਾਅ ਜਾਂਦਾ, ਇਹ ਵੀਹ-ਪੈਂਤੀ ਤਾਂ ਕੋਈ ਵੱਡੀ ਗੱਲ ਨਹੀਂ, ਸਿੱਖਾਂ ਕੋਲ਼ ਦਸਵੇਂ ਪਾਤਸ਼ਾਹ ਦੀ ਮੇਹਰ ਤੇ ਖੰਡੇ-ਬਾਟੇ ਦੇ ਅੰਮ੍ਰਿਤ ਦੀ ਤਾਕਤ ਹੈ।" ਜੇ ਇੰਦਰਾ ਗਾਂਧੀ ਅਤੇ ਉਸ ਦੇ ਹਿੰਦੂ ਮੰਤਰੀ ਧਮਕੀ ਦੇ ਦੇਣ ਤਾਂ ਉਹ ਅੱਤਵਾਦੀ ਨਹੀਂ, ਕੋਈ ਮੁਕੱਦਮਾ ਦਰਜ ਨਹੀਂ, ਪਰ ਜੇਕਰ ਸੰਤ ਜਰਨੈਲ ਸਿੰਘ ਜੀ ਜਵਾਬ ਦੇ ਦੇਣ ਤਾਂ ਉਹਨਾਂ ਨੂੰ ਹਿੰਦੂਆਂ ਦਾ ਦੁਸ਼ਮਣ, ਕਾਤਲ, ਅੱਤਵਾਦੀ ਆਦਿਕ ਕਈ ਖ਼ਿਤਾਬ ਦੇ ਦਿੱਤੇ ਜਾਂਦੇ ਨੇ ਤੇ 506 ਧਾਰਾ ਤਹਿਤ ਕੇਸ ਦਰਜ ਕਰ ਦਿੱਤਾ ਜਾਂਦਾ ਹੈ।

ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਮੰਜੀ ਸਾਹਿਬ ਦੀਵਾਨ ਹਾਲ 'ਚ ਇਸ ਘਟਨਾ ਬਾਰੇ ਬਚਨ ਕਰਦਿਆਂ ਕਿਹਾ ਕਿ "ਮੈਂ ਇਹਦੇ ਸੰਬੰਧ ਵਿੱਚ ਬਿਆਨ ਦਿੱਤਾ ਸੀ, ਜਦੋਂ ਹਿੰਦੂਆਂ ਦੀ ਗੱਲ ਸਟੇਜ ਤੋਂ ਚੱਲੀ ਆ ਕਿ ਜੇ ਅਸੀਂ ਆਪਣੇ ਸੱਚਖੰਡ ਵਾਸੀ ਮਹਾਂਪੁਰਖ, ਅਸੀਂ ਜਿਹਨਾਂ ਨੂੰ ਆਪਣਾ ਪਿਤਾ ਮੰਨਦੇ ਆਂ, ਆਪਣੇ ਬਜ਼ੁਰਗ ਮੰਨਦੇ ਆਂ, ਉਹਨਾਂ ਦੀ ਮਾਤਾ ਬਿਰਧ ਹੋਵੇ ਤੇ ਉਹਨਾਂ ਦੇ ਪੁੱਤਰ ਨੇ ਚੜ੍ਹਾਈ ਕੀਤੀ ਹੋਵੇ ਤੇ ਪੁੱਤਰ ਦੀ ਚੜ੍ਹਾਈ ਦੇ ਸੰਬੰਧ ਵਿੱਚ ਬਰਸੀ ਮਨਾਉਂਦੇ ਹੋਈਏ ਤੇ ਬਰਸੀ ਦੇ ਸੰਬੰਧ ਵਿੱਚ, ਬ੍ਰਹਮ-ਗਿਆਨੀ ਦੀ ਮਾਤਾ ਨੂੰ ਲੈਣ ਜਾਵੇ ਬੱਸ। ਉਹਨਾਂ ਦੇ ਪਰਿਵਾਰ ਨੂੰ ਲੈਣ ਜਾਵੇ, ਤੇ ਬੱਸ ਨੂੰ ਫੜ ਕੇ ਥਾਣੇ ਵਿੱਚ ਬੰਦ ਕੀਤਾ ਜਾਵੇ। ਉਹਦੇ ਛੁਡਾਉਣ ਦੇ ਸੰਬੰਧ ਵਿੱਚ ਮੈਂ ਬਿਆਨ ਦਿੱਤਾ ਤੇ ਨਾਲ ਇਹ ਕਿਹਾ ਕਿ ਇਹ ਅੱਖਰ ਕਿਉਂ ਵਰਤੇ ਆ ? ਅੱਖਰ ਤਾਂ ਵਰਤੇ ਆ, ਅਸ਼ੋਕ ਕੁਮਾਰ ਨਾਮੀ ਇੱਕ ਵਿਅਕਤੀ ਪੁਲੀਸ ਦੀ ਗੋਲ਼ੀ ਨਾਲ਼ ਮਾਰਿਆ ਗਿਆ ਪਟਿਆਲੇ 'ਚ, ਸੈਂਟਰ ਦੀ ਗੌਰਮੈਂਟ ਦੀਆਂ ਥੰਮ੍ਹੀਆਂ ਹਿੱਲ ਗਈਆਂ, ਕੰਧਾਂ ਹਿੱਲ ਗਈਆਂ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੌੜੀ ਆਈ, ਗ੍ਰਹਿ ਮੰਤਰੀ ਸੇਠੀ ਭੱਜਿਆ ਆਇਆ, ਚਤੁਰਵੇਦੀ ਦੀ ਅੱਡੀ ਨਹੀਂ ਲੱਗੀ, ਉਹ ਵੀ ਉਥੇ ਪਹੁੰਚਿਆ, ਪਰ ਪੱਗਾਂ ਵਾਲਿਉ ਵੀਰੋ, ਆਪਾਂ 200 ਸ਼ਹੀਦ ਹੋ ਚੱਲੇ ਆਂ, ਕੁਝ ਹੀ ਘੱਟ ਹੋਵਾਂਗੇ, ਕੋਈ ਸਰਕਾਰ ਦਾ ਚੌਂਕੀਦਾਰ ਤੁਹਾਡਾ ਪਤਾ ਲੈਣ ਆਇਆ ? ਜੇ ਸਿੱਖ ਦੇ ਪੁੱਤ ਦੀ ਸ਼ਹਾਦਤ ਦੀ ਕੁੱਤੇ ਜਿੰਨੀ ਵੀ ਕਦਰ ਨਹੀਂ ਤੇ ਹਿੰਦੂ ਦਾ ਪੁੱਤ ਮਰ ਜਾਵੇ ਤਾਂ ਸੈਂਟਰ ਹਿੱਲ ਜਾਂਦੀ ਆ। ਫਿਰ ਹੱਥ ਉਥੇ ਲਾਉਣਾ ਚਾਹੀਦਾ, ਜਿੱਥੇ ਇਹ ਹਿੱਲਦੇ ਆ ਤੇ ਜਿੱਥੇ ਇਹਨਾਂ ਨੂੰ ਪਤਾ ਈ ਕੁਝ ਨਹੀਂ, ਉਥੇ ਹੱਥ ਲਾ ਕੇ ਕਰਨਾ ਕੀ ਆ ? ਕੋਈ ਹਿੰਦੂ ਮਾਰਿਆ ਆਪਾਂ, ਕੇਵਲ ਬਿਆਨ ਦਿੱਤਾ ਤੇ ਬਿਆਨ ਵੀ ਇਸ ਸ਼ਰਤ 'ਤੇ ਦਿੱਤਾ ਸੀ, ਭਾਈ ਜੇ ਅਸੀਂ ਬਜ਼ੁਰਗ ਮਾਤਾ ਨੂੰ ਲੈਣ ਗਏ ਤਾਂ ਵੀ ਕਾਤਲ, ਜੇ ਅਸੀਂ ਅੰਮ੍ਰਿਤ ਛਕਾਉਣ ਗਏ ਤਾਂ ਵੀ ਕਾਤਲ, ਬੁੱਟਰਾਂ ਦਾ ਮੁੰਡਾ ਇੱਕ ਫੜਿਆ ਪ੍ਰਚਾਰ ਕਰਨ ਗਿਆ, ਕੁੱਟ-ਕੁੱਟ ਕੇ ਹੱਡ ਤੋੜ ਦਿੱਤੇ ਆ, ਫ਼ਰੀਦਕੋਟ ਜੇਲ੍ਹ 'ਚ ਜਾ ਕੇ ਵੇਖ ਲਉ। ਕਥਾ ਕਰਨ ਗਿਆ ਪਿੰਡ 'ਚ। ਪਿੰਡ 'ਚ ਕਥਾ ਕਰਨ ਗਏ ਨੂੰ ਫੜ ਕੇ ਲੱਤਾਂ ਤੋੜੀਆਂ ਉਹਦੀਆਂ। ਜੇ ਕਥਾ ਕਰਦੇ ਅਸੀਂ ਕਾਤਲ ਆਂ, ਅੰਮ੍ਰਿਤ ਸੰਚਾਰ ਕਰਦੇ ਅਸੀਂ ਕਾਤਲ ਆਂ, ਆਪਣੀ ਮਾਤਾ ਨੂੰ ਲੈਣ ਗਏ ਵੀ ਅਸੀਂ ਕਾਤਲ ਆਂ, ਕਥਾ ਗੁਰੂ ਕੀ ਬਾਣੀ ਦੀ ਅਸੀਂ ਇਥੇ ਬਹਿ ਕੇ ਕਰੀਏ, ਅਸੀਂ ਕਾਤਲ ਆਂ ਤੇ ਸ਼ਹੀਦ ਦੀ ਅਰਥੀ ਦੇ ਮੋਢਾ ਲਾ ਦੇਈਏ ਜਾ ਕੇ, ਅਸਤੀਆਂ ਨੂੰ ਲਿਜਾਣ ਵਾਸਤੇ ਅਸੀਂ ਕਾਤਲ ਆਂ ਤੇ ਫਿਰ ਸਾਨੂੰ ਸੋਚਣਾ ਪਊਗਾ ਭਾਈ, ਜੇ ਅਸੀਂ ਝੂਠੇ ਹੀ ਕਾਤਲ ਆਂ ਤੇ ਸੱਚੇ ਬਣ ਕੇ ਵਿਖਾ ਦੇਈਏ ਚੱਜ ਨਾਲ਼। ਬਿਆਨ ਦਿੱਤਾ, ਕਿਵੇਂ ਪਿੱਟੀ ਆ ਗੌਰਮੈਂਟ ? ਕਿਵੇਂ ਪਿੱਟੇ ਆ ਪਾਂਡੇ ਹੁਰੀਂ ? ਅੱਜ 13 ਮਹੀਨਿਆਂ ਤੋਂ ਉੱਪਰ ਹੋ ਗਿਆ ਇੱਕ ਦਿਨ ਮੋਰਚਾ ਲੱਗੇ ਨੂੰ, ਗ੍ਰਿਫ਼ਤਾਰੀ ਦੇ ਰੂਪ ਵਿੱਚ। ਅੱਜ 20 ਤਰੀਕ ਆ, 19 ਤਰੀਕ ਨੂੰ ਲੱਗਾ ਸੀ, 13 ਮਹੀਨੇ ਪੂਰੇ ਹੋ ਗਏ ਆ, ਉੱਪਰ ਇੱਕ ਦਿਨ ਜਾ ਰਿਹਾ ਅੱਜ। 13 ਮਹੀਨਿਆਂ 'ਚ ਕਦੇ ਪਾਂਡੇ ਦਾ ਬਿਆਨ ਪੜ੍ਹਿਆ ਕਿ ਸਿੱਖ ਮਾਰੇ ਗਏ, ਬਹੁਤ ਮਾੜਾ ਹੋਇਆ। ਇਤਨੀ ਭਾਰੀ ਗ੍ਰਿਫ਼ਤਾਰੀ ਦੇ ਚੁੱਕੇ ਆਂ, ਪਾਂਡੇ ਨੂੰ ਕੋਈ ਦਰਦ ਨਹੀਂ। ਸ਼ਹੀਦ ਹੋ ਗਏ, ਕੋਈ ਦਰਦ ਨਹੀਂ। ਸਿੱਖਾਂ ਦੀਆਂ ਬੀਬੀਆਂ ਰੰਡੀਆਂ ਹੋ ਗਈਆਂ, ਕੋਈ ਦਰਦ ਨਹੀਂ। ਟਰੈਕਟਰਾਂ ਨੂੰ ਅੱਗ ਲਾ ਕੇ ਸਾੜ ਦਿੱਤਾ ਕੁੱਪ ਕਲਾਂ ਵਿੱਚ, ਕੋਈ ਦਰਦ ਨਹੀਂ ਤੇ ਅਜੇ ਤੇ ਨਾਂਅ ਹੀ ਲਿਆ ਸਟੇਜ ਤੋਂ, ਛੁੱਟੀ ਵੀ ਨਹੀਂ ਦਿੱਤੀ ਕੋਈ ਤੇ ਤਾਪ ਪਹਿਲਾਂ ਹੀ ਚੜ੍ਹ ਗਿਆ ਸਾਰਿਆਂ ਨੂੰ।"



ਇੱਕ ਹਿੰਦੂ ਪੱਤਰਕਾਰ ਨਾਲ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ

ਦਾਸ ਪਹਿਲਾਂ ਹੀ ਇੱਕ ਵੱਖਰੇ ਲੇਖ ਵਿੱਚ ਜ਼ਿਕਰ ਕਰ ਚੁੱਕਾ ਹੈ ਕਿ ਸੰਤ ਭਿੰਡਰਾਂਵਾਲ਼ਿਆਂ ਨੇ ਅਨੇਕਾਂ ਹਿੰਦੂ ਪਰਿਵਾਰਾਂ ਦੀ ਸਹਾਇਤਾ ਕੀਤੀ ਸੀ। ਉਹਨਾਂ ਦੀ ਲੜਾਈ ਹਿੰਦੂਆਂ ਨਾਲ਼ ਨਹੀਂ, ਹਿੰਦੂਤਵੀ ਸਰਕਾਰ ਨਾਲ਼ ਸੀ। ਸੰਤ ਜੀ ਖ਼ੁਦ ਹੀ ਕਈ ਵਾਰ ਦੱਸ ਚੁੱਕੇ ਸਨ ਕਿ ਉਹਨਾਂ ਦਾ ਹਿੰਦੂਆਂ ਨਾਲ਼ ਕੋਈ ਵੈਰ ਨਹੀਂ, ਇਹ ਬਿਆਨ ਤਾਂ ਦਿੱਤਾ ਕਿਉਂਕਿ ਬੱਸ ਨੂੰ ਫੜਾਉਣ ਵਾਲ਼ੇ ਹਿੰਦੂ ਸਨ, ਉਹ ਮਹਾਸ਼ਾ ਪ੍ਰੈੱਸ ਅਤੇ ਫ਼ਿਰੋਜ਼ਪੁਰ ਦਾ ਐੱਸ.ਐੱਸ.ਐੱਸ.ਪੀ. ਹਿੰਦੂ ਹੀ ਸੀ ਜਿਸ ਨੇ ਮੁਕਤਸਰ ਪੁਲਿਸ ਨੂੰ ਕਿਹਾ ਕਿ 'ਬੱਸ ਫੜ ਲਵੋ।' ਹਿੰਦੂ ਸਰਕਾਰ ਹੀ ਸਿੱਖਾਂ ਉੱਤੇ ਅੱਤਿਆਚਾਰ ਕਰ ਰਹੀ ਸੀ, ਡੈਣ ਇੰਦਿਰਾ ਗਾਂਧੀ ਸਿੱਖਾਂ ਦਾ ਖ਼ੂਨ ਪੀ ਰਹੀ ਸੀ, ਦਿੱਲੀ ਬੈਠੇ ਹਿੰਦੂਤਵੀਏ ਸਿੱਖਾਂ ਖ਼ਿਲਾਫ਼ ਨਿੱਤ ਨਵੀਆਂ ਨੀਤੀਆਂ ਘੜ ਰਹੇ ਸਨ।

ਜਦੋਂ ਸੰਤਾਂ ਨੇ ਹਿੰਦੂਆਂ ਨੂੰ ਸੇਕ ਦੇਣ ਦੀ ਗੱਲ ਆਖੀ ਤਾਂ ਤੁਰੰਤ ਸਰਕਾਰ ਨੇ ਮਾਤਾ ਜੀ ਅਤੇ ਟਕਸਾਲ ਦੇ ਸਿੰਘਾਂ ਨੂੰ ਤੇ ਬੱਸ ਨੂੰ ਛੱਡ ਦਿੱਤਾ। ਸੰਤਾਂ ਵੱਲੋਂ ਛੱਡਿਆ ਤੀਰ ਪੂਰਾ ਟਿਕਾਣੇ 'ਤੇ ਲੱਗਾ ਤੇ ਸਰਕਾਰ ਦੀਆਂ ਅੱਖਾਂ ਖੁੱਲ੍ਹ ਗਈਆਂ। ਸੰਤ ਭਿੰਡਰਾਂਵਾਲ਼ਿਆਂ ਨੂੰ ਦੋਸ਼ੀ ਗਰਦਾਨਣ ਤੋਂ ਪਹਿਲਾਂ ਹਰੇਕ ਸਿੱਖ, ਹਿੰਦੂ ਅਤੇ ਹੋਰਾਂ ਨੂੰ ਇਹਨਾਂ ਬਿਆਨਾਂ ਦੀ ਸੱਚਾਈ ਅਤੇ ਸਰਕਾਰ ਦੀ ਚਾਲ ਜਾਣ ਲੈਣੀ ਚਾਹੀਦੀ ਹੈ।

ਅੱਜ ਦੇ ਹਲਾਤਾਂ ਨੂੰ ਵੀ ਵੇਖ ਲਈਏ ਤਾਂ ਕੋਈ ਹਿੰਦੂ ਆਗੂ ਮਾਰਿਆ ਜਾਵੇ ਤਾਂ ਪੁਲਿਸ, ਸਰਕਾਰ ਅਤੇ ਮੰਤਰੀ ਤੁਰੰਤ ਕਾਰਵਾਈ ਕਰਦੇ ਹਨ ਪਰ ਸਿੱਖਾਂ ਉੱਤੇ ਜਿੰਨਾ ਮਰਜੀ ਜ਼ੁਲਮ ਹੋਈ ਜਾਵੇ ਕਿਸੇ ਨੂੰ ਕੋਈ ਫ਼ਰਕ ਨਹੀਂ ਪੈਂਦਾ। ਹੁਣ ਤਾਂ ਹਿੰਦੂਤਵੀ ਸਰਕਾਰ ਵਿਦੇਸ਼ਾਂ ਵਿੱਚ ਵੀ ਸਿੱਖ ਆਗੂਆਂ ਦੇ ਕਤਲ ਕਰਵਾ ਰਹੀ ਹੈ। ਇਸੇ ਕਰਕੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ ਸਿੱਖਾਂ ਨੂੰ ਹਿੰਦ ਸਰਕਾਰ ਦੀਆਂ ਗ਼ੁਲਾਮੀ ਦੀਆਂ ਜ਼ੰਜ਼ੀਰਾਂ ਤੋਂ ਮੁਕਤ ਕਰਵਾਉਣਾ ਚਾਹੁੰਦੇ ਸਨ। ਪਰ ਧੰਨ ਹਨ ਉਹ ਲੋਕ ਜੋ ਸਰਕਾਰ ਦੇ ਬਿਰਤਾਂਤ ਦਾ ਸ਼ਿਕਾਰ ਹੋ ਕੇ ਸੰਤ ਭਿੰਡਰਾਂਵਾਲ਼ਿਆਂ ਨੂੰ ਹੀ ਗ਼ਲਤ ਆਖੀ ਜਾਣਗੇ, ਗੁਰੂ ਸਾਹਿਬ ਇਹਨਾਂ ਨੂੰ ਸੁਮੱਤ ਬਖ਼ਸ਼ਣ।

* * * *

ਸੰਤ ਭਿੰਡਰਾਂਵਾਲਿਆਂ ਦੀ ਸੋਚ 'ਤੇ

## ਪਹਿਰਾ ਦੇ ਰਹੀ ਪੰਥਕ ਜਥੇਬੰਦੀ

# ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ









ਪੰਥਕ ਜਥੇਬੰਦੀ 'ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ' ਦੀ ਸਥਾਪਨਾ ਦਾ ਮੁੱਖ ਮਕਸਦ ਸਿੱਖਾਂ ਦੀ ਨੌਜੁਆਨ ਪੀੜ੍ਹੀ ਦੀ ਸੋਚ ਨੂੰ ਇਸ ਕਦਰ ਸੇਧ ਦੇਣੀ ਕਿ ਉਹ ਕੌਮ ਨੂੰ ਭਵਿੱਖ ਵਿੱਚ ਧਾਰਮਿਕ, ਰਾਜਨੀਤਿਕ, ਵਿੱਦਿਅਕ, ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਖੇਤਰਾਂ ਵਿੱਚ ਯੋਗ ਅਗਵਾਈ ਦੇ ਸਕੇ। ਇਹ ਸਿੱਖ ਕੌਮ ਦੇ ਜਵਾਨ ਖ਼ੂਨ ਦੀ ਤਰਜ਼ਮਾਨੀ ਕਰਦੀ ਪ੍ਰਮੁੱਖ ਨੌਜੁਆਨ ਜੁਝਾਰੂਆਂ ਦੀ ਜਥੇਬੰਦੀ ਹੈ।

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਅਤੇ ਸ਼ਹੀਦ ਭਾਈ ਅਮਰੀਕ ਸਿੰਘ ਜੀ ਵੱਲੋਂ ਅਰੰਭੇ ਖ਼ਾਲਿਸਤਾਨ ਦੀ ਅਜ਼ਾਦੀ ਦੇ ਸੰਘਰਸ਼ ਨੂੰ ਜਾਰੀ ਰੱਖਣਾ, ਖ਼ਾਲਸਾ ਪੰਥ ਦੇ ਬੋਲ-ਬਾਲੇ, ਕੌਮ ਦੀ ਆਨ-ਸ਼ਾਨ ਕਾਇਮ ਰੱਖਣ, ਦੇਹਧਾਰੀ ਗੁਰੂ-ਡੰਮ੍ਹ ਵਿਰੁੱਧ, ਸਿੱਖਾਂ ਤੇ ਪੰਜਾਬ ਨਾਲ਼ ਹੋ ਰਹੇ ਧੱਕਿਆਂ ਅਤੇ ਬੇਇਨਸਾਫ਼ੀਆਂ ਖ਼ਿਲਾਫ਼ ਮਾਰਚ, ਪ੍ਰਦਰਸ਼ਨ, ਸੈਮੀਨਾਰ ਤੇ ਹੋਰ ਰਾਜਨੀਤਿਕ ਤਰੀਕਿਆਂ ਨਾਲ ਜੂਝ ਕੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਦੀ ਸੁਚੱਜੀ ਅਗਵਾਈ 'ਚ ਇਹ ਜਥੇਬੰਦੀ ਪਿੰਡਾਂ-ਸ਼ਹਿਰਾਂ ਵਿੱਚ ਗੁਰਮਤਿ ਸਮਾਗਮ, ਅੰਮ੍ਰਿਤ ਸੰਚਾਰ, ਗੁਰਬਾਣੀ ਸੰਥਿਆ, ਦਸਤਾਰ-ਦੁਮਾਲਾ ਅਤੇ ਗਤਕਾ ਸਿਖਲਾਈ, ਗੁਰਮਤਿ ਕੈਂਪ ਤੇ ਸ਼ਹੀਦਾਂ ਦਾ ਇਤਿਹਾਸ ਲਿਖਣ ਲਈ ਲਗਾਤਾਰ ਕਾਰਜਸ਼ੀਲ ਹੈ।

ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ

## Sikh Youth Federation Bhindranwala

ਸਿੱਖ ਨੌਜਵਾਨ ਫ਼ੈਡਰੇਸ਼ਨ 'ਚ ਸ਼ਾਮਲ ਹੋਣ ਲਈ ਸੰਪਰਕ ਕਰਨ : 88722-93883



## ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ ॥
## ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥

ਦੇਗ ਤੇਗ ਦੇ ਧਨੀ, ਕਲਮ ਦੇ ਲਿਖਾਰੀ, ਜ਼ੁਲਮ ਦੇ ਸ਼ਿਕਾਰੀ, ਨੀਲੇ ਦੇ ਸ਼ਾਹ ਅਸਵਾਰ, ਖ਼ਾਲਸਾਈ ਫੌਜਾਂ ਦੇ ਸਰਦਾਰ, ਕਲਗੀਧਰ ਪ੍ਰੀਤਮ, ਚਿੱਟੇ ਬਾਜ਼ਾਂ ਵਾਲੇ, ਸਰਬੰਸ ਦਾਨੀ, ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਦੀਆਂ ਸਰਬੱਤ ਸੰਗਤਾਂ ਨੂੰ ਵਧਾਈਆਂ।



ਡਾ: ਸੁਰਜੀਤ ਸਿੰਘ ਜਰਮਨੀ



ਭਾਈ ਰਣਜੀਤ ਸਿੰਘ ਦਮਦਮੀ ਟਕਸਾਲ